# ਅੰਮ੍ਰਿਤ ਕੀਰਤਨ

# Amrit Kirtan



ਨਵੰਬਰ 2004

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ
ਅੰਕ 11 ◆ ਸਾਲ ਸੋਲਵਾਂ ◆ ਨਵੰਬਰ 2004



ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੇਦਵਾਣ**, ਐਮ.ਏ., ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**



▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4.8.90 ਮਿਤੀ 20.2.91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

▲ Donations are eligible for relief u/s 80 G of Income-Tax Act, 1961 (43 of 1961) vide CIT/CHD/Tech./04-05/375 dated 30.04.2004/ 05.05.2004 valid upto 31.03.2007



**ਚੰਦੇ ਦਾ ਵੇਰਵਾ**

▲ ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.

▲ ਵਿਦੇਸ਼: ਸਲਾਨਾ 30 $, ਜੀਵਨ ਮੈਂਬਰ 300 $

▲ 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।



**ਚਿੱਠੀ ਪੱਤਰ ਲਈ ਪਤਾ**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/1, ਸੈਕਟਰ 22-ਬੀ, ਚੰਡੀਗੜ੍ਹ 160 022
ਫੋਨ : 0172-2701396, 2713915

**ਰਚਨਾਵਾਂ ਭੇਜਣ ਲਈ ਪਤਾ**
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660

e-mail : drjagirsingh@rediffmail.com
Website : www.amritkirtan.org



| | |
|---|---|
| **ਮਿੱਤ੍ਰ ਅਸਾਡੜੇ ਸੇਈ**<br>*ਪਾਠਕਾਂ ਦੇ ਪੱਤਰ* | 2 |
| **ਕਰਉ ਬੇਨੰਤੀਆ**<br>*ਸੰਪਾਦਕੀ* | 3 |
| **ਗੁਰੂ ਗ੍ਰੰਥ ਸਾਹਿਬ, ਧਾਰਮਿਕ ਸਹਿਨਸ਼ੀਲਤਾ...**<br>*ਭਗਵੰਤ ਸਿੰਘ ਦਲਾਵਰੀ* | 4 |
| **ਰਬਾਬ ਵਾਦਕ ਭਾਈ ਕੁਲਜੀਤ ਸਿੰਘ ਬਟਾਲਾ**<br>*ਗੁਰਜੰਤ ਸਿੰਘ ਰਾਹੀ* | 7 |
| **ਰਾਗ ਨਾਦੁ ਸਭੁ ਸਚੁ ਹੈ**<br>*ਗੁਰਮੁਖ ਸਿੰਘ ਸਹਿਗਲ* | 8 |
| **ਸੁਰ ਲਿਪੀਆਂ**<br>*ਭਾਈ ਜਸਪਾਲ ਸਿੰਘ ਜਵੱਦੀ* | 22 |
| **ਸੁਰ ਲਿਪੀ ਵਾਲੇ ਸ਼ਬਦਾਂ ਦੇ ਅਰਥ**<br>*ਮਨਮੋਹਨ ਸਿੰਘ* | 23 |



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।



COMPUTER TYPE SETTING
sohal specials
Designers & Printers
Phone: 0172 - 5091443

# ਮਿਤ੍ਰ ਅਸਾਡੜੇ ਸੇਈ

♦ ਅਜ ਮੈਂ ਇਕ ਬੇਨਤੀ ਆਪ ਅੱਗੇ ਕਰ ਰਹੀ ਹਾਂ। ਅਸਾਂ ਸਾਰੇ ਸਿੱਖ ਸਮਾਜ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ੪੦੦ ਸਾਲਾ ਪਹਿਲਾ ਅਸਥਾਪਨਾ ਦਿਨ ਬੜੀ ਧੂੰਮ-ਧਾਮ ਨਾਲ ਮਨਾਇਆ ਹੈ। ਹਾਲੇ ਵੀ ਮਨਾ ਰਹੇ ਹਨ। ਅੱਜ ਲੋੜ ਹੈ ਗੁਰੂ ਦਾ ਸੰਦੇਸ਼ ਸਾਰੇ ਸੰਸਾਰ ਵਿਚ ਪਹੁੰਚਾਣ ਦਾ ਪਰ ਪਹਿਲਾਂ ਅਸੀਂ ਆਪ ਗੁਰੂ ਦਾ ਸੰਦੇਸ਼ ਸਮਝ ਸਕੀਏ। ਜੇਕਰ ਹਰ ਇਕ ਗੁਰਦੁਆਰੇ ਵਿਚ ਹੁਕਮ ਲੈਣ ਤੋਂ ਬਾਅਦ ਉਸ ਦਾ ਅੱਖਰੀ ਅਰਥ ਸੰਗਤ ਨੂੰ ਸੁਣਾ ਦਿੱਤਾ ਜਾਵੇ ਤਾਂ ਸਾਡੇ ਵਰਗਿਆਂ ਨੂੰ ਸ਼ਾਇਦ ਗੁਰੂ ਦਾ ਹੁਕਮ ਸਮਝ ਆ ਜਾਵੇ। ਇਹ ਇਕ ਪ੍ਰਥਾ ਹੀ ਬਣ ਜਾਣੀ ਚਾਹੀਦੀ ਹੈ।

ਦੂਸਰਾ ਅਸੀਂ ਸਭ ਰਲਕੇ ਇਕ ਹੰਮਲਾ ਮਾਰੀਏ ਕਿ ਆਪਣੇ ਆਲੇ-ਦੁਆਲੇ ਜਿਹੜੇ ਬੱਚੇ ਜਾਂ ਵੱਡੇ ਵੀ ਪੰਜਾਬੀ ਪੜ੍ਹਨਾ ਨਹੀਂ ਜਾਣਦੇ ਉਨ੍ਹਾਂ ਨੂੰ ਪੰਜਾਬੀ ਸਿਖਾਈ ਜਾਵੇ ਤੇ ਹਰ ਇਕ ਨੂੰ ਜਪੁਜੀ ਸਾਹਿਬ ਦਾ ਪਾਠ ਯਾਦ ਕਰਾਇਆ ਜਾਵੇ। ਇਹ ਪਹਿਲੀ ਪਉੜੀ ਹੈ ਗੁਰੂ ਦੇ ਲੜ ਲਗਣ ਦੀ। ਆਸ ਕਰਦੀ ਹਾਂ ਕਿ ਤੁਸੀਂ ਇਹ ਸੁਨੇਹਾ ਸਭ ਨੂੰ ਪਹੁੰਚਾਂਓਗੇ। ਵਾਹਿਗੁਰੂ ਤੁਹਾਨੂੰ ਸਦਾ ਬਲ ਅਤੇ ਤੰਦਰੁਸਤੀ ਬਖ਼ਸ਼ੀ ਰੱਖੇ ਜੋ ਪੰਥ ਦੀ ਸੇਵਾ ਕਰਦੇ ਰਹੋ।

*- ਗੁਰਬਚਨ ਕੌਰ,*

*ਏ 202, ਸ਼ਿਲਾਲੇਖ, ਸ਼ਾਹੀ ਬਾਗ, ਅਹਿਮਦਾਬਾਦ*

♦ 'ਅੰਮ੍ਰਿਤ ਕੀਰਤਨ' ਮਾਸਿਕ ਦਾ ਜੋ ਉਪਰਾਲਾ ਤੁਸੀਂ ਕਰ ਰਹੇ ਹੋ ਉਸ ਲਈ ਸਾਡੇ ਜਥੇ ਦੀ ਤਰਫ ਤੋਂ ਤੁਹਾਨੂੰ ਬਹੁਤ-ਬਹੁਤ ਵਧਾਈ ਹੋਵੇ ਜੀ। ਗੁਰੂ ਮਹਾਰਾਜ ਤੁਹਾਨੂੰ ਤੰਦਰੁਸਤੀ ਬਖਸ਼ੇ। ਅਕਤੂਬਰ ਅੰਕ ਵਿਚ ਕਵਲਜੀਤ ਕੌਰ ਦਾ ਲੇਖ 'ਇਕ ਉਪਰਾਲਾ' ਬਹੁਤ ਅੱਛਾ ਲੱਗਾ। ਪ੍ਰੋ. ਹਰਮਿੰਦਰ ਕੌਰ ਜੀ ਵਲੋਂ 'ਬੱਚਿਆਂ ਨੂੰ ਗੁਰਬਾਣੀ ਸੰਗੀਤ ਰਾਹੀਂ ਜੋੜਨ' ਦੇ ਮਹਾਨ ਉਪਰਾਲੇ ਵਾਸਤੇ ਅਸੀਂ ਉਨ੍ਹਾਂ ਨੂੰ ਬਹੁਤ-ਬਹੁਤ ਵਧਾਈ ਦਿੰਦੇ ਹਾਂ।

*- ਰਣਧੀਰ ਸਿੰਘ ਖਾਲਸਾ,*

*ਪਟਨਾ*

♦ ਅਕਤੂਬਰ ਦਾ ਅੰਕ ਬੇਹੱਦ ਪਸੰਦ ਆਇਆ। ਕਰਉ ਬੇਨੰਤੀਆ ਡਾ. ਜਾਗੀਰ ਸਿੰਘ ਜੀ ਦਾ ਤਹਿਰੀਰ ਕਾਬਿਲੇ ਤਾਰੀਫ ਸੀ, ਭਗਵੰਤ ਸਿੰਘ ਦਿਲਾਵਰੀ ਦਾ ਲੇਖ 'ਰਾਮ ਰੰਗ ਕਦੇ ਉਤਰ ਨਾ ਜਾਇ', ਬਬਲੀ ਐਸ ਸਿੰਘ ਦਾ ਲੇਖ 'ਗੁਰੂ ਮਾਨਿਓ ਗ੍ਰੰਥ', ਭਾਈ ਨਿਰਮਲ ਸਿੰਘ ਜੀ ਦਾ ਲੇਖ 'ਗੁਰਮਤਿ ਸੰਗੀਤ ਸਾਧਨਾ', ਕਰਤਾਰ ਸਿੰਘ ਨੀਲਧਾਰੀ ਦਾ ਲੇਖ 'ਰਾਗ ਰਤਨ ਰਸਨਾ ਅਲਾਪ', ਭਾਈ ਅਵਤਾਰ ਸਿੰਘ ਹੰਸ ਸੰਗਰੂਰ ਵਾਲੇ ਵਲੋਂ 'ਪ੍ਰਸਿੱਧ ਤਬਲਾ ਵਾਦਕ ਭਾਈ ਦਰਸ਼ਨ ਸਿੰਘ ਜੀ ਬਾਰੇ' ਲੇਖ ਬਹੁਤ ਹੀ ਸੁੰਦਰ ਲੇਖ ਸੀ। 'ਇਕ ਉਪਰਾਲਾ' ਕੰਵਲਜੀਤ ਕੌਰ ਲੁਧਿਆਣਾ ਵਲੋਂ ਲੇਖ ਬਹੁਤ ਹੀ ਖੋਜ ਭਰਪੂਰ ਸੀ। ਭਾਈ ਕਸ਼ਮੀਰ ਸਿੰਘ ਵਲੋਂ 'ਰਾਗ ਵੇਦ ਗੰਧਾਰੀ ਵਿਚ ਤਿੰਨ ਤਾਲ ਦੀ ਬੰਦਸ਼, ਇਕ ਤਾਲ ਦੀ ਬੰਦਸ਼, ਆਦਿਕ ਰਚਨਾਵਾਂ ਬਹੁਤ ਹੀ ਵਧੀਆ ਢੰਗ ਨਾਲ ਲਿਖੇ ਸਨ।

*- ਪ੍ਰੋ. ਮੰਗਤ ਸਿੰਘ ਮਸਤਾਨਾ,*

*C/o ਅਸ਼ੋਕਾ ਰਿਫਰੈਸ਼ਮੈਂਟ, ਮੰਡੀ ਹਰਜੀਰਾਮ, ਮਲੋਟ*

## ਕਰਉ ਬੇਨੰਤੀਆ

### ਗੁਰਮਤਿ ਸੰਗੀਤ ਅਚਾਰੀਆ

ਅੱਜ ਸਿੱਖ ਕੀਰਤਨ ਪਰੰਪਰਾ ਵਿਚ ਟਕਸਾਲੀ ਕੀਰਤਨ ਦੀ ਲੋੜ ਬੜੀ ਸ਼ਿੱਦਤ ਨਾਲ ਮਹਿਸੂਸ ਕੀਤੀ ਜਾ ਰਹੀ ਹੈ। ਰੇਡੀਓ, ਟੈਲੀਵਿਜ਼ਨ, ਕੀਰਤਨ-ਕੈਸਟਾਂ, ਕੀਰਤਨ ਦਰਬਾਰਾਂ ਆਦਿ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਗਾਂ ਵਿਚ ਕੀਰਤਨ ਕਰਨ ਦੀ ਥਾਂ ਤੇ ਫਿਲਮੀ ਧੁਨਾਂ ਅਤੇ ਲੋਕ ਗਾਇਕਾਂ ਦੀਆਂ ਧੁਨਾਂ ਆਦਿ 'ਤੇ ਕੀਰਤਨ ਕੀਤਾ ਜਾ ਰਿਹਾ ਹੈ। ਇਸ ਨੂੰ ਠੱਲ੍ਹ ਪਾਉਣ ਲਈ ਅਤੇ ਪ੍ਰਮਾਣਿਕ ਕੀਰਤਨ ਰੀਤਾਂ ਦੇ ਪ੍ਰਚਾਰ ਤੇ ਪ੍ਰਸਾਰ ਹਿਤ ਕਈ ਸੰਗੀਤ ਵਿਦਵਾਨ ਜਤਨਸ਼ੀਲ ਰਹੇ ਹਨ। ਅਜਿਹੇ ਵਿਦਵਾਨਾਂ ਵਿਚ ਪ੍ਰੋ. ਕਰਤਾਰ ਸਿੰਘ ਜੀ ਦਾ ਨਾਮ ਇਕ ਵਰਣਨਯੋਗ ਨਾਮ ਹੈ।

ਪ੍ਰੋ. ਕਰਤਾਰ ਸਿੰਘ ਜੀ ਦਾ ਜਨਮ 3 ਅਪ੍ਰੈਲ 1928 ਨੂੰ ਸ੍ਰ. ਅਤਰ ਸਿੰਘ ਦੇ ਘਰ ਮਾਤਾ ਹਰਨਾਮ ਕੌਰ ਦੀ ਕੁੱਖੋਂ ਹੋਇਆ। ਛੋਟੀ ਉਮਰ ਤੋਂ ਗੁਰਦੁਆਰਾ ਸਾਹਿਬ ਦੇ ਕੀਰਤਨ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਆਪਣੇ ਆਪ ਨੂੰ ਕੀਰਤਨ ਲਈ ਸਮਰਪਿਤ ਕਰ ਦਿੱਤਾ। ਉਹ ਕੇਵਲ ਕੀਰਤਨ ਦੀ ਇੱਛਾ ਨਹੀਂ ਸੀ ਰੱਖਦੇ ਸਗੋਂ ਉਹ ਕੀਰਤਨ ਦੇ ਹਰ ਪੱਖ ਭਾਵ ਰਾਗ, ਤਾਲ, ਪ੍ਰਬੰਧ ਆਦਿ ਬਾਰੇ ਮਕਬੂਲੀਅਤ ਹਾਸਲ ਕਰਨਾ ਚਾਹੁੰਦੇ ਸਨ। ਉਨ੍ਹਾਂ ਅਨੁਸਾਰ ਸਧਾਰਨ ਭਾਰਤੀ ਸੰਗੀਤ ਨਾਲੋਂ ਗੁਰਮਤਿ ਸੰਗੀਤ ਦਾ ਸਥਾਨ ਉਚੇਰਾ ਹੈ ਕਿਉਂਕਿ ਗੁਰਮਤਿ ਸੰਗੀਤ ਵਿਚ ਸੰਗੀਤ ਸਿਧਾਂਤ ਦੇ ਨਾਲ ਨਾਲ ਗੁਰਬਾਣੀ ਅਤੇ ਗੁਰਮਤਿ ਗਿਆਨ ਵੀ ਚਾਹੀਦਾ ਹੈ। ਇਸ ਲਈ ਉਨ੍ਹਾਂ ਨੇ ਗਿਆਨੀ ਦੀ ਪ੍ਰੀਖਿਆ ਪਾਸ ਕਰਨ ਦੇ ਨਾਲ ਸੰਗੀਤ ਦੀਆਂ ਪ੍ਰਯਾਗ ਸੰਗੀਤ ਸੰਸਥਾ ਤੋਂ ਸੰਗੀਤ ਭਾਸਕਰ, ਸੰਗੀਤ ਪ੍ਰਵੀਨ ਆਦਿ ਡਿਗਰੀਆਂ ਹਾਸਲ ਕੀਤੀਆਂ।

ਆਪ ਗਾਇਨ ਸੰਗੀਤ ਵਿਚ ਪਰਪਕ ਹੋਣ ਦੇ ਨਾਲ ਨਾਲ ਗੁਰਮਤਿ ਸੰਗੀਤ ਦੀ ਪਰੰਪਰਾ ਦੇ ਵੀ ਮਾਹਿਰ ਹੋ ਗਏ। ਆਪ ਨੇ ਹਰਮੋਨੀਅਮ ਦਾ ਤਿਆਗ ਕਰਕੇ ਕੇਵਲ ਤੰਤੀ ਸਾਜ਼ਾਂ ਨਾਲ ਕੀਰਤਨ ਕਰਨ ਦੀ ਪਿਰਤ ਚਲਾਈ। ਆਪ ਨੇ ਗੁਰੂ ਨਾਨਕ ਗਰਲਜ਼ ਕਾਲਜ ਲੁਧਿਆਣਾ ਅਤੇ ਮਾਲਵਾ ਸੈਂਟਰਲ ਕਾਲਜ ਐਜੂਕੇਸ਼ਨ ਵਿਚ ਬਤੌਰ ਮੁਖੀ ਸੰਗੀਤ ਵਿਭਾਗ ਸੇਵਾ ਕੀਤੀ। ਉਨ੍ਹਾਂ ਨੇ ਸੰਤ ਬਾਬਾ ਸੁੱਚਾ ਸਿੰਘ ਰਾਹੀਂ ਆਯੋਜਿਤ ਕੀਤੇ ਗੁਰਮਤਿ ਸੰਗੀਤ ਸੰਮੇਲਨਾਂ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ। ਉਨ੍ਹਾਂ ਦੀ ਗੁਰਮਤਿ ਸੰਗੀਤ ਬਾਰੇ ਵਿਦਵਤਾ ਤੋਂ ਪ੍ਰਭਾਵਿਤ ਹੋ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਨੰਦਪੁਰ ਸਾਹਿਬ ਵਿਚ ਸਥਾਪਤ ਕੀਤੀ ਗੁਰਮਤਿ ਸੰਗੀਤ ਅਕੈਡਮੀ ਦੇ ਡਾਇਰੈਕਟਰ ਨਿਯੁਕਤ ਕੀਤਾ। ਇਥੇ ਉਹ ਹੁਣ ਤੱਕ ਸੇਵਾ ਨਿਭਾ ਰਹੇ ਹਨ।

ਗੁਰਮਤਿ ਸੰਗੀਤ ਸਬੰਧੀ ਉਨ੍ਹਾਂ ਦੀਆਂ ਦੋ ਪੁਸਤਕਾਂ ਗੁਰਬਾਣੀ ਸੰਗੀਤ ਦਰਪਣ ਅਤੇ ਗੁਰਮਤਿ ਸੰਗੀਤ ਦਰਪਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ।

ਸਚਮੁਚ ਹੀ ਪ੍ਰੋ. ਕਰਤਾਰ ਸ਼ਿੰਘ ਗੁਰਮਤਿ ਸੰਗੀਤ ਅਚਾਰੀਆ ਹਨ। ਅਸੀਂ ਉਨ੍ਹਾਂ ਦੀ ਨਰੋਈ ਸਿਹਤ ਅਤੇ ਲੰਮੀ ਉਮਰ ਲਈ ਅਰਦਾਸ ਕਰਦੇ ਹਾਂ।

# ਗੁਰੂ ਗ੍ਰੰਥ ਸਾਹਿਬ, ਧਾਰਮਿਕ ਸਹਿਨਸ਼ੀਲਤਾ ਤੇ ਮਨੁੱਖੀ ਭਾਈਚਾਰਾ

ਭਗਵੰਤ ਸਿੰਘ ਦਿਲਾਵਰੀ : ਤਪੋਵਨ, ਅਮਰਾਵਤੀ (ਮਹਾਰਾਸ਼ਟਰਾ) 444 602

ਗੁਰੂ ਗ੍ਰੰਥ ਸਾਹਿਬ ਸੱਚੇ ਪਿਆਰ ਦਾ ਮੁਜੱਸਮਾ ਹਨ ਤੇ ਮੈਂ ਅਕਸਰ ਕਿਹਾ ਕਰਦਾ ਹਾਂ ਕਿ ਸਿੱਖ ਸਮੁੱਚੀ ਮਨੁੱਖਤਾ ਲਈ ਪਿਆਰ ਦਾ ਰਾਜਦੂਤ ਹੈ ਤੇ ਉਸਦੇ ਪ੍ਰਮਾਣ ਪੱਤਰ ਗੁਰੂ ਗ੍ਰੰਥ ਸਾਹਿਬ ਦੇ ਹੁਕਮਾਂ ਚੋਂ ਪ੍ਰਕਟ ਹੁੰਦੇ ਹਨ। ਸਾਡਾ ਧਾਰਮਿਕ ਗ੍ਰੰਥ -ਜਿਸਨੂੰ ਮੈਂ ਸਾਰੀ ਮਨੁੱਖਤਾ ਤੇ ਸਾਰੇ ਧਰਮਾਂ ਦਾ ਗ੍ਰੰਥ ਮੰਨਦਾ ਹਾਂ -ਕਿਸੇ ਦਿਮਾਗੀ ਜਿਮਨਾਸਟਿਕਸ ਦੀ ਪਰਵਾਨਗੀ ਨਹੀਂ ਦੇਂਦਾ ਤੇ ਇਸਦੇ ਉਪਦੇਸ਼ ਸਿੱਧਾ-ਸਿੱਧਾ ਦਿਲਾਂ ਨੂੰ ਟੁੰਬਦੇ ਹਨ। ਆਪਾ ਮਿਟਾਉਣ ਵਾਲੇ ਪਿਆਰ ਰਾਹੀਂ ਹੀ ਇਸਦੀ ਸਿੱਖਿਆ ਨੂੰ ਸਮਝਿਆ ਜਾ ਸਕਦਾ ਹੈ। ਜਿਸਨੂੰ ਇਸਦਾ ਆਤਮਕ ਰਸ ਆ ਜਾਏ, ਇਸਦੇ ਹਰ ਲਫ਼ਜ ਚੋਂ ਚੋਂਦਾ ਪਿਆਰ ਉਸਦੇ ਸਾਰੇ ਭਰਮ ਦੂਰ ਕਰ ਦੇਂਦਾ ਹੈ।

ਦਿਮਾਗੀ ਗਿਆਨ ਦੁਆਰਾ ਗੁਰਬਾਣੀ ਦਾ ਵਿਖਾਵਾ, ਪੈਸਿਆਂ ਲਈ ਉਸਦਾ ਪਾਠ/ਕੀਰਤਨ ਇਨ੍ਹਾਂ ਦੁਆਰਾ ਇਸ ਅੰਦਰਲੇ ਜੀਵਨ ਦੇਣ ਵਾਲੇ ਅੰਮ੍ਰਿਤ ਦੀ ਪ੍ਰਾਪਤੀ ਨਹੀਂ ਹੋ ਸਕਦੀ। ਗੁਰ ਉਪਦੇਸ਼ ਤੇ ਜੀਵਨ ਢਾਲ ਕੇ ਹੀ ਇਸਦੇ ਅਨੰਦ ਨੂੰ ਮਾਣਿਆ ਜਾ ਸਕਦਾ ਹੈ। ਇਹ ਅਨੰਦ ਸਹਿਜੇ ਹੀ ਉਸਦੀ ਸੰਗਤ ਚੋਂ ਮਿਲ ਜਾਂਦਾ ਹੈ ਜੋ ਗੁਰਬਾਣੀ ਦੇ ਅਧਾਰ ਤੇ ਜੀਉਂਦਾ ਹੈ। ਐਸੇ ਵਿਅਕਤੀ ਲਈ ਧਾਰਮਿਕ ਸਹਿਨਸ਼ੀਲਤਾ ਤੇ ਮਨੁੱਖੀ ਭਾਈਚਾਰਾ ਕੇਵਲ ਨਾਅਰੇ ਨਹੀਂ, ਉਸਦੇ ਰੋਜ਼ਾਨਾ ਜੀਵਨ ਦਾ ਅਨੁਭਵ ਹਨ। ਗੁਰੂ ਗ੍ਰੰਥ ਸਾਹਿਬ ਵਿਚੋਂ ਦੋ ਕਮਾਲ ਦੇ ਉਦਾਹਰਣ ਮੇਰੀ ਇਸ ਗੱਲ ਦੀ ਪੁਸ਼ਟੀ ਕਰਦੇ ਹਨ।

ਗੁਰੂ ਗ੍ਰੰਥ ਸਾਹਿਬ ਵਿਚ ਅੰਕਤ ਬਾਣੀ, ਭਾਵੇਂ ਸੰਤਾਂ-ਭਗਤਾਂ ਦੀ ਹੋਵੇ ਜਾਂ ਗੁਰੂਆਂ ਦੀ, ਵਿਚ ਕੋਈ ਫਰਕ ਨਹੀਂ, ਹਰ ਬੋਲ ਗੁਰੂ ਦਾ ਫੁਰਮਾਨ ਹਨ। ਇਹ ਦੋ ਉਦਾਹਰਣਾਂ ਕਬੀਰ ਸਾਹਿਬ ਤੇ ਗੁਰੂ ਅਰਜਨ ਦੇਵ ਜੀ ਦੇ ਹਨ।

**ਕਬੀਰ ਜੀ :**

*ਅਵਲਿ ਅਲਹ ਨੂਰੁ ਉਪਾਇਆ॥*
*ਕੁਦਰਤ ਕੇ ਸਭ ਬੰਦੇ॥*
*ਏਕ ਨੂਰ ਤੇ ਸਭੁ ਜਗੁ ਉਪਜਿਆ*
*ਕਉਨ ਭਲੇ ਕੋ ਮੰਦੇ॥* (ਪੰਨਾ 1349)

ਪ੍ਰਭੂ ਦੇ ਨੂਰ ਤੋਂ ਸਾਰੀ ਲੁਕਾਈ ਦਾ ਜਨਮ ਹੋਇਆ ਹੈ ਫਿਰ ਅਸੀਂ ਕਿਵੇਂ ਕਹਿ ਸਕਦੇ ਹਾਂ ਕਿ ਫਲਾਂ ਚੰਗਾ ਤੇ ਫਲਾਂ ਮੰਦਾ ਹੈ?

**ਗੁਰੂ ਅਰਜਨ ਦੇਵ ਜੀ :**

*ਕੋਈ ਬੋਲੈ ਰਾਮ ਰਾਮ ਕੋਈ ਖੁਦਾਇ॥*
*ਕੋਈ ਸੇਵੈ ਗੁਸਈਆ ਕੋਈ ਅਲਹਿ॥* (ਪੰਨਾ 885)

ਕੋਈ ਉਸਨੂੰ ਰਾਮ ਕਹਿੰਦਾ ਹੈ ਕੋਈ ਖੁਦਾ, ਕੋਈ ਗੁਸਾਈ ਤੇ ਕੋਈ ਅਲਹ। ਉਹ ਇਕੋ ਦਿਆਲੂ ਪ੍ਰਭੂ ਸਭ ਦਾ ਮਾਲਕ ਹੈ। ਕੋਈ ਤੀਰਥਾਂ ਤੇ ਜਾਂਦਾ ਹੈ ਤੇ ਕੋਈ ਹੱਜ ਤੇ, ਕੋਈ ਪੂਜਾ ਕਰਦਾ ਹੈ ਕੋਈ ਨਮਾਜ਼; ਕੋਈ ਬੇਦ ਪੜਦਾ ਹੈ ਕੋਈ ਕੁਰਾਨ; ਕੋਈ ਸਫੇਦ ਬਸਤ੍ਰ ਪਹਿਨਦਾ ਹੈ ਕੋਈ ਨੀਲੇ; ਕੋਈ ਸੁਅਰਗ ਦੀ ਆਸ ਕਰਦਾ ਹੈ ਕੋਈ ਬਹਿਸ਼ਤ ਦੀ; ਕੋਈ ਹਿੰਦੂ ਅਖਵਾਉਂਦਾ ਹੈ ਕੋਈ ਮੁਸਲਮਾਨ; ਗੁਰੂ ਸਾਹਿਬ ਆਖਦੇ ਹਨ ਪਰ ਪ੍ਰਭੂ ਦਾ ਭੇਦ ਤਾਂ ਉਹੀ ਪਾ ਸਕਦਾ ਹੈ ਜੋ ਉਸਦੇ ਹੁਕਮ ਨੂੰ ਪਛਾਣ ਲੈਂਦਾ ਹੈ।

ਮੈਂ ਗੁਰੂ ਗ੍ਰੰਥ ਸਾਹਿਬ ਕੋਲੋਂ ਮਨੁੱਖ ਮਾਤ੍ਰ ਦੇ ਇਕ ਹੋਣ ਦਾ ਨਿਜੀ ਅਨੁਭਵ ਪਾਇਆ ਹੈ, ਇਸ ਲਈ ਮਨੁੱਖੀ ਭਾਈਚਾਰੇ ਨੂੰ ਨੇੜਿਓਂ ਵੇਖਣ ਦਾ ਸੁਭਾਗ ਮਿਲਿਆ ਹੈ ਮੈਨੂੰ। ਆਓ ਖੁੱਲ ਕੇ ਦੱਸਦਾ ਹਾਂ।

1. ਜਦੋਂ ਮੈਂ ਪੈਰਿਸ ਵਿਖੇ ਸਾਂ ਨੌਕਰੀ ਤੇ, ਉਥੇ ਹਫਤੇ ਦੇ ਅਖੀਰਲੇ ਦਿਨਾਂ ਵਿੱਚ ਬੁੱਢੇ ਫਰੇਂਚ ਲੋਕਾਂ ਦੀ ਸੇਵਾ ਕਰਨ ਉਨ੍ਹਾਂ ਦੇ ਘਰ ਚਲਾ ਜਾਂਦਾ। 94 ਵਰ੍ਹਿਆਂ ਦੀ ਇਕ ਬੁੱਢੀ ਮਾਂ, ਕੋਇਗਲ ਮੈਨੂੰ ਕਹਿਣ ਲੱਗੀ, "ਤੂੰ ਹੋਰਨਾਂ ਨਾਲੋਂ ਚੰਗਾ ਕ੍ਰਿਸਚਿਅਨ ਹੈਂ।" ਮੈਂ ਕਿਹਾ, "ਮਾਂ ਮੈਂ ਇਸਾਈ ਨਹੀਂ ਪਰ ਜੀਜਸ ਨਾਲ ਮੈਨੂੰ ਪਿਆਰ ਹੈ।" ਜਦੋਂ ਮੈਂ ਦੱਸਿਆ ਕਿ ਗੁਰੂ ਨਾਨਕ ਮੇਰੇ ਗੁਰੂ ਸਨ ਤਾਂ ਉਹ ਪਿਆਰ ਨਾਲ "ਨਾਨਕ, ਨਾਨਕ..." ਕਹਿਣ ਲੱਗ ਪਈ। ਮੈਂ ਜਦੋਂ ਵੀ ਉਨ੍ਹਾਂ ਦੇ ਘਰ ਜਾਂਦਾ ਉਸਨੂੰ ਕਹਿੰਦਾ, ਮਾਂ ਤੂੰ ਜੀਜਸ ਨੂੰ ਯਾਦ ਕਰਿਆ ਕਰ, ਕਦੇ ਇਕੱਲਾਪਨ ਮਹਿਸੂਸ ਨਹੀਂ ਕਰੇਂਗੀ। ਉਸ ਕਹਿਣਾ, ਤੂੰ ਜੀਜਸ ਵਿਚ ਮੇਰਾ ਸਿਦਕ ਬਹਾਲ ਕਰ ਦਿੱਤਾ ਹੈ।

2. ਪੈਰਿਸ ਵਿਚ ਹੀ ਮੈਨੂੰ Metro ਵਿਚ ਇਕ

ਪਾਕਿਸਤਾਨੀ ਨੌਜਵਾਨ ਡਾਕਟਰ ਮਿਲਿਆ। ਜਦੋਂ ਮੈਂ ਉਸਨੂੰ ਪੁੱਛਿਆ, ਕੀ ਉਹ ਰੋਜ਼ ਨਮਾਜ਼ ਪੜ੍ਹਦਾ ਹੈ ਤੇ ਕੀ ਉਹ ਪੜ੍ਹਾਈ ਪੂਰੀ ਕਰਕੇ ਆਪਣੇ ਵਤਨ ਵਾਪਸ ਜਾ ਕੇ ਗਰੀਬਾਂ ਦੀ ਸੇਵਾ ਕਰਨ ਦੀ ਸੋਚ ਰਿਹਾ ਹੈ ਤਾਂ ਉਹ ਹੈਰਾਨ ਰਹਿ ਗਿਆ ਤੇ ਜਾਣ ਲੱਗਿਆਂ ਪਿਆਰ ਨਾਲ ਕਹਿ ਗਿਆ, "ਸਰਦਾਰ ਸਾਹਿਬ, ਮੈਂ ਕਦੇ ਇਹ ਨਹੀਂ ਭੁਲਾਂਗਾ ਕਿ ਇਕ ਗੈਰ ਮੁਸਲਿਮ ਦੇਸ਼ ਵਿਚ ਇਕ ਗੈਰ ਮੁਸਲਮ ਨੇ ਮੈਨੂੰ ਮੇਰੇ ਧਾਰਮਿਕ ਫਰਜ਼ ਦੀ ਯਾਦ ਕਰਾਈ ਸੀ, ਆਪਦਾ ਧੰਨਵਾਦ, ਖੁਦਾ ਹਾਫਿਜ਼।"

ਮੇਰੇ ਖਿਆਲ ਵਿਚ ਗੁਰੂ ਗ੍ਰੰਥ ਸਾਹਿਬ ਦੀ ਇਹ ਮੂਲ ਸਿੱਖਿਆ ਹੈ ਕਿ ਅਸੀਂ ਪ੍ਰਭੂ ਦਾ ਪਿਆਰ ਸਭ ਨਾਲ ਵੰਡੀਏ ਤੇ ਸਭ ਨੂੰ ਆਪਣੇ-ਆਪਣੇ ਧਰਮ ਅਨੁਸਾਰ "ਆਪਿ ਜਪਹੁ ਅਵਰਾ ਨਾਮੁ ਜਪਾਵਹੁ (ਪੰਨਾ 289) ਦੀ ਪ੍ਰੇਰਨਾ ਦੇਈਏ।

3. ਆਪਣੀ ਨੌਕਰੀ ਤੋਂ 1979 ਵਿਚ voluntary retirement ਲੈ ਕੇ ਮੈਂ ਤਪੋਵਨ (ਅਮਰਾਵਤੀ) ਕੋਹੜ ਦੇ ਮਰੀਜਾਂ ਨਾਲ ਉਨ੍ਹਾਂ ਦੇ ਪਰਿਵਾਰ ਦਾ ਮੈਂਬਰ ਬਣ ਕੇ ਉਨ੍ਹਾਂ ਦੀ ਸੇਵਾ ਵਿਚ ਰਹਿੰਦਾ ਹਾਂ ਪਿਛਲੇ 25 ਸਾਲਾਂ ਤੋਂ ਇੱਥੇ ਨਾ ਕੋਈ ਸਿੱਖ ਹੈ, ਨਾ ਪੰਜਾਬੀ ਪਰ ਸਾਰੇ ਲੋਕ ਰਿਸ਼ਤੇਦਾਰ ਹਨ। ਬਹੁਤੇ ਮਰਾਠੀ ਹਨ, ਕੁਝ ਮੁਸਲਿਮ ਤੇ ਕੋਈ-ਕੋਈ ਕ੍ਰਿਸਚਿਅਨ।

4. ਮਦਰਾਸੀ, ਆਂਧਰਾ ਵਾਲੇ, ਸਿੰਧੀ, ਪੰਜਾਬੀ, ਸਿੱਖ, ਹਿੰਦੂ ਤੇ ਕਦੇ-ਕਦੇ ਕ੍ਰਿਸਚਿਅਨ ਵੀ ਮੇਰੇ ਨਾਲ ਰਲ ਕੇ ਸਤਿਸੰਗ ਕਰਦੇ ਹਨ। ਅਸੀਂ ਜਦੋਂ ਵੀ ਇਕੱਠੇ ਹੋਈਏ ਕੀਰਤਨ ਕਰਦੇ ਹਾਂ, ਇਕ ਮਦਰਾਸੀ ਨੇਤ੍ਰਹੀਨ ਬੇਟੀ, ਇਕ ਪੰਜਾਬੀ ਹਿੰਦੂ ਬੇਟੀ ਤੇ ਉਨ੍ਹਾਂ ਦਾ ਸਿੱਖ ਪਾਪਾ।

ਸੁ ਗੁਰੂ ਗ੍ਰੰਥ ਸਾਹਿਬ ਦੇ ਮਨੁੱਖੀ ਭਾਈਚਾਰੇ ਜਾਂ ਧਾਰਮਕ ਸਹਿਨਸ਼ੀਲਤਾ ਦੀ ਜੋ ਸਮਝ ਮੈਨੂੰ ਆਈ ਹੈ ਉਹ ਨਾ ਕੇਵਲ ਗੁਰੂ ਉਪਦੇਸ਼ਾਂ ਦੀ ਸੋਝੀ ਤੇ ਅਧਾਰਿਤ ਹੈ ਵਰਨਾ ਨਾਲ ਹੀ ਉਨ੍ਹਾਂ ਨੂੰ ਜੀਵਨ ਵਿਚ ਅਮਲੀ ਰੂਪ ਵਿਚ ਢਾਲਣ ਦੀ ਨਿਰਮਾਣ ਕੋਸ਼ਿਸ਼ ਸਦਕਾ ਵੀ ਹੈ ਕਿ ਮੈਂ ਇਸ ਅੰਦਰਲੇ ਆਨੰਦ ਨੂੰ ਮਾਣ ਸਕਿਆ ਹਾਂ ਤੇ ਬਗੈਰ ਕਿਸੇ ਵਿਤਕਰੇ ਦੇ ਇਸਨੂੰ ਸਭ ਨਾਲ ਵੰਡਿਆ ਹੈ। ਪਿਛਲੇ 5 ਸਾਲਾਂ ਤੋਂ ਇਕ ਕ੍ਰਿਸਚਿਅਨ ਨੌਜਵਾਨ ਮੇਰਾ ਬੇਟਾ ਬਣਿਆ ਹੈ।

ਵਿਦਵਾਨ ਲੋਕ ਟਾਯਨਬੀ, ਪਗਲ ਬਕ ਤੇ ਹੋਰਨਾਂ ਦੇ ਸਰਟੀਫੀਕੇਟ ਦਾ ਜਿਕਰ ਕਰਦੇ ਹਨ ਤੇ ਕਈ ਆਲੋਚਕ ਟੈਗੋਰ ਤੇ ਗਾਂਧੀ ਨੇ ਸਿੱਖ ਧਰਮ ਬਾਰੇ ਜੋ ਸਮਝਿਆ ਉਸਦਾ ਜਿਕਰ ਕਰਦੇ ਹਨ। ਇਕ ਸਿੱਖ ਹੋਣ ਕਰਕੇ ਮੈਂ ਨਿਜੀ ਤੌਰ ਤੇ ਇਹ ਜਾਣਦਾ ਹਾਂ ਕਿ ਸੱਚ ਨੂੰ ਕਾਇਮ ਰੱਖਣ ਤੇ ਜੁਲਮ ਨੂੰ ਠੱਲ ਪਾਉਣ ਦੀ ਜੋ ਸੋਚ ਗੁਰੂ ਨਾਨਕ ਨੇ ਵਿਖਾਈ ਸੀ ਉਹੀ ਸੋਚ ਗੁਰੂ ਗੋਬਿੰਦ ਸਿੰਘ ਅੰਦਰ ਵੀ ਹਾਵੀ ਸੀ। ਗੁਰੂ ਗੋਬਿੰਦ ਸਿੰਘ ਦਾ ਖਾਲਸਾ ਆਖਿਰ ਗੁਰੂ ਨਾਨਕ ਦੇਵ ਜੀ ਦਾ ਸਚਿਆਰਾ ਹੀ ਤਾਂ ਹੈ। ਪਰ ਮਿੱਠੇ ਦਾ ਸੁਆਦ ਤਾਂ ਖਾ ਕੇ ਹੀ ਆ ਸਕਦਾ ਹੈ। ਮੁਸਲਮ ਰਾਜਿਆਂ ਦੇ ਜੁਲਮ ਦੇ ਬਾਵਜੂਦ ਉਨ੍ਹਾਂ ਤਸੀਹਿਆਂ ਤੇ ਜੁਲਮਾਂ ਦੇ ਜਿਨ੍ਹਾਂ ਵਿਚ ਦੋ ਗੁਰੂ ਸਾਹਿਬਾਨ ਤੇ ਅਨੇਕਾਂ ਸਿੰਘ ਸ਼ਹੀਦ ਹੋਏ, ਸੱਚ ਤੇ ਧਰਮ ਦਾ ਮਾਰਗ ਕਿਸੇ ਨਹੀਂ ਤਿਯਾਗਿਆ ਅਤੇ ਧਰਮ ਦੀ ਰਾਖੀ ਖਾਤਿਰ ਹੋਏ ਯੁਧਾਂ ਵਿਚ ਗੁਰੂ ਗੋਬਿੰਦ ਸਿੰਘ ਨੂੰ ਕਈ ਮੁਸਲਮਾਨਾਂ ਦਾ ਸਾਥ ਵੀ ਪ੍ਰਾਪਤ ਹੋਇਆ।

ਸਾਡੇ ਸਭ ਤੋਂ ਪਵਿੱਤਰ ਧਰਮ ਅਸਥਾਨ ਦੀ ਨੀਂਵ ਹਜਰਤ ਮੀਆਂ ਮੀਰ ਨੇ ਰੱਖੀ। ਬਾਬਾ ਫ਼ਰੀਦ, ਨਾਮਦੇਵ, ਕਬੀਰ, ਰਵਿਦਾਸ ਵਰਗੇ ਹਿੰਦੂ ਤੇ ਮੁਸਲਿਮ ਸੰਤਾਂ ਨੂੰ ਗੁਰੂ ਗ੍ਰੰਥ ਸਾਹਿਬ ਅੰਦਰ ਥਾਂ ਦਿੱਤੀ ਗਈ ਹੈ। ਹਿੰਦੂਆਂ ਦੇ ਜਨੇਊ ਦੀ ਰੱਖਿਆ ਲਈ ਗੁਰੂ ਤੇਗ ਬਹਾਦਰ ਨੇ ਕੁਰਬਾਨੀ ਦਿੱਤੀ। ਸਰਬਤ ਨਾਲ ਪਿਆਰ, ਸਰਬ ਸਾਂਝੀ ਏਕਤਾ, ਸਰਬ ਸਾਂਝਾ ਸਿਦਕ ਤੇ ਸਾਰਿਆਂ ਲਈ ਸਾਂਝੀ ਅਰਦਾਸ, ਗੁਰੂ ਗ੍ਰੰਥ ਸਾਹਿਬ ਦੇ ਇਲਾਵਾ ਇਹ ਵਿਲੱਖਣਤਾ ਹੋਰ ਕਿੱਥੇ ਮਿਲੇਗੀ? ਕਿਸੇ ਧਰਮ ਦੇ ਆਪਣੇ ਗ੍ਰੰਥ ਵਿਚ ਦੂਜੇ ਧਰਮਾਂ ਦੇ ਸੰਤਾਂ-ਭਗਤਾਂ ਦੀ ਬਾਣੀ ਨੂੰ ਸ਼ਾਮਿਲ ਕੀਤਾ ਜਾਣਾ, ਇਹ ਮਿਸਾਲ ਹੋਰ ਕਿੱਥੇ ਮਿਲੇਗੀ? ਆਪਣੇ ਗੁਰੂਆਂ ਦੇ ਬਰਾਬਰ ਦੂਜੇ ਧਰਮਾਂ ਦੇ ਆਗੂਆਂ ਨੂੰ ਸਨਮਾਨ, ਸਾਡੇ ਸਦੀਵੀ ਗੁਰੂ, ਗੁਰੂ ਗ੍ਰੰਥ ਸਾਹਿਬ ਦੇ ਇਲਾਵਾ ਹੋਰ ਕਿਥੇ ਵੇਖਣ ਨੂੰ ਮਿਲੇਗਾ? ਇਹ ਗੁਰੂ ਗੋਬਿੰਦ ਸਿੰਘ ਜੀ ਦਾ ਕਮਾਲ ਹੈ ਕਿ ਉਨ੍ਹਾਂ 1708 ਵਿਚ ਗੁਰੂ ਗ੍ਰੰਥ ਸਾਹਿਬ ਨੂੰ ਸਦੀਵੀ ਗੁਰਤਾ ਪ੍ਰਦਾਨ ਕੀਤੀ।

ਮੰਦਭਾਗ ਸਾਡੇ, ਅਸੀਂ ਗੁਰੂਆਂ ਦੇ ਉਪਦੇਸ਼ਾਂ ਨੂੰ ਜੀਵਨ ਵਿਚ ਢਾਲ ਕੇ ਪ੍ਰਚਾਰਿਤ ਨਹੀਂ ਕਰ ਸਕੇ। ਅਮਲ ਦੀ ਆਵਾਜ਼ ਸ਼ਬਦਾਂ ਨਾਲੋਂ ਵੱਧ ਜੋਰਦਾਰ ਹੁੰਦੀ ਹੈ- ਕੋਈ ਸੰਮੇਲਨ, ਕੋਈ ਪ੍ਰਚਾਰ, ਕੋਈ ਅਖਬਾਰ, ਕੋਈ ਮੈਗਜ਼ੀਨ ਕੁਝ ਵੀ ਧਾਰਮਕ ਸਹਿਨਸ਼ੀਲਤਾ ਤੇ ਸਰਬ ਸਾਂਝਾ ਭਾਈਚਾਰਾ ਨਹੀਂ ਫੈਲਾਅ ਸਕਦਾ ਜਿਨ੍ਹਾਂ ਚਿਰ ਅਸੀਂ ਇਹ ਗੁਣ ਆਪਣੇ ਜੀਵਨ ਅੰਦਰ ਨਹੀਂ ਅਪਨਾਉਂਦੇ।

ਕਹਿੰਦੇ ਹਨ ਕਿ ਇਕ ਵਾਰ ਗੁਰੂ ਗੋਬਿੰਦ ਸਿੰਘ ਜੀ

ਨੇ ਇਕ ਖੋਤੇ ਤੇ ਸ਼ੇਰ ਦੀ ਖੱਲ ਪਾ ਦਿੱਤੀ ਤੇ ਸਭ ਨੂੰ ਕਿਹਾ, ਸ਼ੇਰ ਆ ਗਿਆ ਹੈ ਚਲੋ ਇਸਦਾ ਸ਼ਿਕਾਰ ਕਰੀਏ। ਸਾਰੇ ਸਿੰਘ ਸ਼ੇਰ ਦੀ ਖੱਲ ਪਾਏ ਖੋਤੇ ਦਾ ਪਿੱਛਾ ਕਰਨ ਲੱਗੇ। ਥੋੜੀ ਦੇਰ ਬਾਅਦ ਇਕ ਹੋਰ ਖੋਤਾ ਆ ਗਿਆ ਜਿਸਨੂੰ ਵੇਖ ਖੋਤੇ-ਸ਼ੇਰ ਨੇ ਆਪਣੀ ਆਵਾਜ ਕੱਢੀ, ਸੁਣ ਕੇ ਸਾਰੇ ਹੱਸ ਪਏ ਕਿ ਇਹ ਤਾਂ ਖੋਤਾ ਹੈ ਜਿਸਨੂੰ ਅਸੀਂ ਸ਼ੇਰ ਸਮਝੀ ਬੈਠੇ ਹਾਂ। ਉਸ ਵੇਲੇ ਗੁਰੂ ਸਾਹਿਬ ਨੇ ਸਮਝਾਇਆ ਸਿੱਖਾਂ ਨੂੰ ਇਸ ਘਟਨਾ ਰਾਹੀਂ ਕਿ-

*ਜਬ ਲਗ ਖਾਲਸਾ ਰਹੇ ਨਿਆਰਾ॥*
*ਤਬ ਲਗ ਤੇਜ ਦੀਉ ਮੈ ਸਾਰਾ॥*
*ਜਬ ਇਹ ਗਹੈ ਬਿਪਰਨ ਕੀ ਰੀਤ॥*
*ਮੈ ਨ ਕਰੋ ਇਨਕੀ ਪ੍ਰਤੀਤ॥* (ਸਰਬ ਲੋਹ ਗ੍ਰੰਥ ਚੋਂ)

ਇਕ ਹੋਰ ਸਾਖੀ ਹੈ ਕਿ ਗੁਰੂ ਸਾਹਿਬ ਨੇ ਇਕ ਵਾਰ ਮਿੱਠੇ ਚਾਵਲਾਂ ਦੀ ਇਕ ਵੱਡੀ ਦੇਗ ਬਣਵਾਈ ਤੇ ਫਿਰ ਉਸਨੂੰ ਇਕ ਮੈਦਾਨ ਵਿਚ ਰੱਖ ਦਿੱਤਾ, ਕੁੱਤਿਆਂ ਦੇ ਖਾਣ ਲਈ। ਢੇਰ ਸਾਰੇ ਕੁੱਤੇ ਜਮ੍ਹਾ ਹੋ ਗਏ ਪਰ ਸਾਰੇ ਲੜ-ਲੜ ਕੇ ਐਸਾ ਉਲਝੇ ਕਿ ਸਾਰੇ ਚਾਵਲ ਬਰਬਾਦ ਕਰ ਦਿੱਤੇ। ਇਸ ਵਿਚ ਵੀ ਸਿੱਖਿਆ ਲੁਕੀ ਹੈ ਕਿ ਜੇ ਸਿੱਖ ਆਪਸ ਵਿਚ ਲੜਦੇ ਰਹੇ ਤਾਂ ਆਪਣਾ ਸਭ ਕੁਛ ਗੁਆ ਲੈਣਗੇ, ਕੁਝ ਵੀ ਹਾਸਿਲ ਨਹੀਂ ਕਰ ਸਕਣਗੇ।

ਗੁਰੂ ਗ੍ਰੰਥ ਸਾਹਿਬ ਦਾ ਸਰਬ-ਸਾਂਝੇ ਭਾਈਚਾਰੇ ਦਾ ਸੰਦੇਸ਼ ਇਤਨਾ ਸ਼ਕਤੀਸ਼ਾਲੀ ਹੈ ਕਿ ਜੇ ਅਸਾਂ ਇਸਨੂੰ ਧਾਰਮਕ ਸਹਿਨਸ਼ੀਲਤਾ ਨਾਲ ਅਮਲ ਵਿਚ ਲਿਆ ਕੇ "ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ" ਦਾ ਸਬੂਤ ਦਿਤਾ ਹੁੰਦਾ ਤਾਂ ਅਸੀਂ ਪਿਆਰ ਰਾਹੀਂ ਪ੍ਰਭੂ ਦਾ ਪਿਆਰ ਫੈਲਾਅ ਸਕਦੇ ਸਾਂ ਗੁਰੂ ਦੇ ਹੁਕਮਾਂ ਅਨੁਸਾਰ। ਮੈਂ ਅਕਸਰ ਕਹਿੰਦਾ ਹਾਂ, "ਅਸੀਂ ਜੋ ਦੂਜਿਆਂ ਤੋਂ ਉਮੀਦ ਕਰਦੇ ਹਾਂ ਉਹ ਖੁਦ ਨਿਜੀ ਜੀਵਨ ਵਿਚ ਕਰਕੇ ਵਿਖਾਈਏ। ਗੁਰੂ ਗ੍ਰੰਥ ਸਾਹਿਬ ਤਾਂ ਮਹਾਨ ਹਨ ਤੇ ਸਰਬ ਸਾਂਝੇ ਹਨ ਪਰ ਅਸੀਂ ਪਿਛਲੀਆਂ ਮੱਲਾਂ ਤੇ ਬੈਠੇ ਨਹੀਂ ਰਹਿ ਸਕਦੇ ਕੇਵਲ ਗੁਰੂ ਸਾਹਿਬਾਨਾਂ ਦੀ ਮਹਾਨਤਾ ਸੁਣਾ-ਸੁਣਾ ਕੇ। ਆਉ, ਗੁਰੂ ਸਾਹਿਬਾਨਾਂ ਦੁਆਰਾ ਬਖਸ਼ੇ ਪਿਆਰ ਨੂੰ ਜੀਵਨ ਵਿਚ ਅਪਨਾਈਏ ਤੇ ਸਦਾ ਯਾਦ ਰੱਖੀਏ।

*ਅਤਿ ਸੁੰਦਰ ਕੁਲੀਨ ਚਤੁਰ,*
*ਮੁਖਿ ਙਿਆਨੀ ਧਨਵੰਤ॥*
*ਮਿਰਤਕ ਕਹੀਅਹਿ ਨਾਨਕਾ,*
*ਜਿਹ ਪ੍ਰੀਤਿ ਨਹੀ ਭਗਵੰਤ॥...* (ਪੰਨਾ 253)

(ਕੋਈ ਭਾਵੇਂ ਅਤਿ ਸੁੰਦਰ ਹੋਵੇ, ਸਭ ਤੋਂ ਉੱਚੀ ਕੁਲ ਵਾਲਾ ਹੋਵੇ, ਸਭ ਤੋਂ ਵੱਧ ਚਲਾਕ, ਵੱਡਾ ਗਿਆਨੀ ਤੇ ਸਭ ਤੋਂ ਵੱਡਾ ਧਨਾਢ ਹੋਵੇ, ਜੇ ਉਸ ਅੰਦਰ ਪ੍ਰਭੂ ਲਈ ਪਿਆਰ ਨਹੀਂ ਤਾਂ ਉਹ ਲਾਸ਼ ਹੈ।

ਤੇ ਅਸੀਂ ਪ੍ਰਭੂ ਦਾ ਪਿਆ ਤਾਂ ਹੀ ਵੰਡ ਸਕਦੇ ਹਾਂ ਜੇਕਰ ਸਾਡੇ ਅੰਦਰ ਪ੍ਰਭੂ ਦਾ ਪਿਆਰ ਹੋਵੇ।

*(ਮੂਲ ਅੰਗਰੇਜ਼ੀ ਤੋਂ ਰਮੇਸ਼ ਸਿੰਘ ਦੁਆਰਾ ਅਨੁਵਾਦਿਤ)*

# ਰਬਾਬ ਵਾਦਕ ਭਾਈ ਕੁਲਜੀਤ ਸਿੰਘ ਬਟਾਲਾ

ਗੁਰਜੰਤ ਸਿੰਘ ਰਾਹੀ : ਗੁਰਮਤਿ ਸੰਗੀਤ ਵਿਦਿਆਲਾ, ਗਿਆਨੀ ਦਿੱਤ ਸਿੰਘ ਕਲੋਨੀ, ਨਾਨਕਿਆਣਾ ਸਾਹਿਬ ਰੋਡ, ਸੰਗਰੂਰ

ਗੁਰਮਤਿ ਸੰਗੀਤ ਦੇ ਦੋ ਪ੍ਰਮੁੱਖ ਸਾਜ ਹਨ ਇਕ ਰਬਾਬ ਅਤੇ ਦੂਸਰਾ ਸਿਰੰਦਾ। ਰਬਾਬ ਭਾਈ ਮਰਦਾਨਾ ਜੀ ਦੇ ਹੱਥ ਵਿਚ ਸੋਭਦੀ ਹੈ। ਜਿਸ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨਾ ਜੀ ਦੀ ਤਸਵੀਰ ਵਿਚ ਵੇਖਿਆ ਜਾ ਸਕਦਾ ਹੈ। ਰਹੀ ਗੱਲ ਸਰੰਦੇ ਦੀ ਉਹ ਸਿੱਖ ਅਜਾਇਬ ਘਰ ਦਰਬਾਰ ਸਾਹਿਬ ਸ੍ਰੀ ਹਰਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਸ਼ੀਸ਼ੇ ਦੇ ਸ਼ੋਕੇਸ ਵਿਚ ਸੁਸ਼ੋਭਿਤ ਹੈ ਸੰਗਤ ਆਉਂਦੇ ਜਾਂਦੇ ਦਰਸ਼ਨ ਕਰ ਲੈਂਦੀ ਹੈ। ਇਨ੍ਹਾਂ ਸਾਜ਼ਾਂ ਦਾ ਵਾਦਨ ਇਨ੍ਹਾਂ ਅੱਖਾਂ ਨਾਲ ਵੇਖਣਾ ਉਹ ਵੀ ਕੀਰਤਨ ਵਿਚ ਅਸੰਭਵ ਨਾ ਸਹੀ ਅਚੰਭਾ ਜ਼ਰੂਰ ਹੈ। ਪਰ ਮੈਂ ਇਹ ਅਚੰਭਾ ਆਪਣੀਆਂ ਅੱਖਾਂ ਨਾਲ ਵੇਖਿਆ। ਕਿੰਨਾ ਚਿਰ ਤਾਂ ਮੈਨੂੰ ਯਕੀਨ ਹੀ ਨਾ ਆਇਆ ਪਰ ਪਰਤੱਖ ਨੂੰ ਪ੍ਰਮਾਣ ਦੀ ਕ੍ਰੀ ਲੋੜ। ਜਵੱਦੀ ਕਲਾਂ ਦੇ ਅਦੁੱਤੀ ਸੰਗੀਤ ਸੰਮੇਲਨ ਵਿਚ ਇਕ ਮਿਕਨਾਤੀਸੀ ਦਿਖ ਵਾਲਾ ਗੁਰਮੁਖ ਸੱਜਣ ਤਕਰੀਬਨ ਹਰ ਰਾਗੀ ਜੱਥੇ ਨਾਲ ਰਬਾਬ ਦੀ ਵਧੀਆ ਸੰਗਤ ਕਰ ਰਿਹਾ ਸੀ। ਜਦ ਰਬਾਬ ਵਜਾ ਕੇ ਰਾਗ ਭੈਰਵ ਅਤੇ ਦੇਵ ਗੰਧਾਰੀ ਵਿਚ ਸ਼ਬਦ ਗਾਇਨ ਕੀਤਾ ਤਾਂ ਸੱਚਮੁੱਚ ਰਬਾਬ ਦੇ ਤਾਰਾਂ ਦੀ ਟੁਣਕਾਰ ਦਾ ਸੰਗੀਤ ਰੂਹ ਤੱਕ ਨੂੰ ਆਨੰਦਤ ਕਰਨ ਦੀ ਸਮਰਥਾ ਰੱਖਦਾ ਸੀ ਅਤੇ ਰੂਹ ਨੂੰ ਉਡਾਰੀਆਂ ਮਾਰਨ ਲਈ ਹੱਲਾਸ਼ੇਰੀ ਦਿੰਦਾ। ਇਹ ਰਬਾਬ ਵਾਦਕ ਹਨ ਭਾਈ ਕੁਲਜੀਤ ਸਿੰਘ ਬਟਾਲਾ। ਜਿਨ੍ਹਾਂ ਦਾ ਜਨਮ ਪਿਤਾ ਭਾਈ ਗੁਰਚਰਨ ਸਿੰਘ ਅਤੇ ਮਾਤਾ ਚਰਨ ਕੌਰ ਦੇ ਗ੍ਰਿਹ ਬਟਾਲਾ ਵਿਖੇ 1957 ਵਿਚ ਹੋਇਆ। ਸੰਗੀਤ ਇਨ੍ਹਾਂ ਦੇ ਖਾਨਦਾਨ ਵਿਚ ਸੀ ਪਿਤਾ ਭਾਈ ਗੁਰਚਰਨ ਸਿੰਘ ਤੰਤੀ ਸਾਜ ਵਜਾਉਣ ਵਿਚ ਮਾਹਰ ਸਨ। ਵਿਸ਼ੇਸ਼ਕਰ ਸਰੰਗੀ ਦੇ ਰੇਡਿਓ ਪ੍ਰਮਾਣਤ ਆਰਟਿਸਟ ਸਨ ਅਤੇ ਦਾਦਾ ਭਾਈ ਨੱਥਾ ਸਿੰਘ ਜੀ ਸਿੱਖ ਰਾਜ ਵੇਲੇ ਦੇ ਦਰਬਾਰੀ ਰਾਗੀ ਸਨ ਜੋ ਤੰਤੀ ਸਾਜਾਂ ਨਾਲ ਕੀਰਤਨ ਕਰਿਆ ਕਰਦੇ ਸਨ।

ਭਾਈ ਕੁਲਜੀਤ ਸਿੰਘ ਨੇ ਬਚਪਨ ਵਿਚ ਤਬਲਾ ਸਿੱਖਿਆ। ਪਿਤਾ ਜੀ ਕਿਹਾ ਕਰਦੇ ਸਨ ਗਾਇਕ ਵਾਦਕ ਲਈ ਮੁਢਲੀ ਤਾਲੀਮ ਤਬਲੇ ਦੀ ਜ਼ਰੂਰੀ ਹੈ। ਵੀਹ ਸਾਲ ਦੀ ਉਮਰ ਤੱਕ ਪੰਜਾਬ ਘਰਾਣੇ ਦਾ ਤਬਲਾ ਸਿੱਖਿਆ ਅਤੇ ਇਕ ਵਧੀਆ ਤਬਲਾ ਵਾਦਕ ਹੋ ਗਏ। ਇਸ ਤੋਂ ਬਾਅਦ ਗਾਇਨ ਦੀ ਸਿੱਖਿਆ ਲਈ। ਨਾਲ ਦੀ ਨਾਲ ਸਾਰੰਗੀ ਅਤੇ ਸਾਰੰਦਾ ਅਤੇ ਰਬਾਬ ਦੀ ਤਾਲੀਮ ਲਈ। ਘਰ ਵਿਚ ਨਿਤਨੇਮ ਨਾਲ ਅਭਿਆਸ ਦਾ ਰਿਵਾਜ਼ ਸੀ। ਪਿਤਾ ਜੀ ਅਸੀ ਸਾਲ ਦੀ ਉਮਰ ਵਿਚ ਵੀ ਦਸ ਘੰਟੇ ਰਿਆਜ਼ ਕਰਦੇ ਸਨ। ਇਹੀ ਸਮਾ ਭਾਈ ਕੁਲਜੀਤ ਸਿੰਘ ਦਾ ਆਪਣੇ ਪਿਤਾ ਦੀ ਸੰਗਤ ਕਰਨ ਅਤੇ ਸੰਗੀਤ ਦੇ ਗੂੜ ਰਹੱਸ ਸਮਝਣ ਦਾ ਸੀ। ਆਪਦੇ ਦੂਸਰੇ ਭਰਾ ਸ. ਦਲਜੀਤ ਸਿੰਘ ਇੰਜੀਨੀਅਰ ਹਨ ਅਤੇ ਤਬਲਾ ਵਾਦਕ ਹਨ। ਆਪ ਨੇ ਕੀਰਤਨ ਨੂੰ ਰੋਜੀ ਰੋਟੀ ਦਾ ਸਾਧਨ ਨਹੀਂ ਬਣਾਇਆ। ਸਗੋਂ ਰੂਹ ਦੀ ਖੁਰਾਕ ਰੱਖਕੇ ਨਿਸ਼ਕਾਮ ਤੌਰ ਤੇ ਕੀਤਾ ਭਾਈ ਲਾਲੋ ਵਾਂਗ ਕਿਰਤ ਕਰਕੇ ਗੁਜਾਰਾ ਕੀਤਾ। ਪਰਿਵਾਰ ਵਿਚ ਦੋ ਬੇਟੀਆਂ ਜਿਨ੍ਹਾਂ ਵੋਕਲ ਕੀਤਾ ਬੇਟਾ ਹਰਸਿਮਰਤਜੀਤ ਸਿੰਘ ਤਬਲਾ ਵਾਦਕ ਹੈ। ਸ਼ਾਗਿਰਦਾਂ ਵਿਚ ਨਿਸ਼ਕਾਮ ਤੌਰ ਤੇ ਸੱਠ ਸੱਤਰ ਵਿਦਿਆਰਥੀ ਸਿੱਖਿਆ ਲੈ ਚੁੱਕੇ ਹਨ। ਵਿਸ਼ੇਸ਼ ਕਰ ਰਬਾਬ ਵਿਚ ਭਾਈ ਪਰਮਜੀਤ ਸਿੰਘ ਸਰੰਦਾ ਵਾਦਨ ਵਿਚ ਭਾਈ ਜਤਿੰਦਰਪਾਲ ਸਿੰਘ ਅਤੇ ਅਨੂਪ ਸਿੰਘ ਵਿਸ਼ੇਸ਼ ਹਨ।

ਭਾਈ ਵੀਰ ਸਿੰਘ ਸਾਹਿਤ ਸਦਨ ਦਿਲੀ ਵਲੋਂ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਜਵੱਦੀ ਕਲਾਂ ਵਿਖੇ 1992 ਤੋਂ ਲਗਾਤਾਰ ਆਪਣੀ ਹਾਜ਼ਰੀ ਲੁਆਉਂਦੇ ਆ ਰਹੇ ਹਨ। ਜਦੋਂ ਆਪਣੇ ਸ਼ਾਗਿਰਦਾਂ ਸਮੇਤ ਰਬਾਬ ਅਤੇ ਸਰੰਦੇ ਨਾਲ ਸ਼ਬਦ ਗਾਇਨ ਕਰਦੇ ਹਨ ਤੇ ਇਹ ਅਚੰਭਾ ਜ਼ਰੂਰ ਸੱਚ ਹੋ ਨਿਬੜਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਚਾਹੀਦੈ ਕਿ ਅਜਿਹੇ ਕੀਰਤਨ ਨੂੰ ਸ੍ਰੀ ਦਰਬਾਰ ਸਾਹਿਬ ਤੋਂ ਪ੍ਰਸਾਰਤ ਕਰਵਾਇਆ ਜਾਵੇ। ਕੀਰਤਨ ਸਮਾਗਮ ਸੁਸਾਈਟੀਆਂ ਸੰਸਥਾਵਾਂ ਨੂੰ ਅਜਿਹੇ ਗੁਰਮੁਖਾਂ ਦਾ ਹੌਸਲਾ ਅਫਜਾਈ ਕਰਨੀ ਚਾਹੀਦਾ ਹੈ ਜਿਨ੍ਹਾਂ ਨੇ ਆਪਣਾ ਵਿਰਸਾ ਸੰਭਾਲਨ ਲਈ ਆਪਣੀ ਸਾਰੀ ਜ਼ਿੰਦਗੀ ਲਾ ਦਿੱਤੀ। ਅਰਦਾਸ ਹੈ ਭਾਈ ਸਾਹਿਬ ਇਸੇ ਤਰ੍ਹਾਂ ਗੁਰਮਤਿ ਸੰਗੀਤ ਦੀ ਸੇਵਾ ਕਰਦੇ ਰਹਿਣ ਅਤੇ ਸੰਗਤਾਂ ਨੂੰ ਇਲਾਹੀ ਬਾਣੀ ਦੇ ਕੀਰਤਨ ਨਾਲ ਜੋੜਦੇ ਰਹਿਣ ਰਬਾਬ ਤੇ ਸਰੰਦਾ ਵੱਜਦੇ ਰਹਿਣ।

# ਰਾਗ ਨਾਦੁ ਸਭੁ ਸਚੁ ਹੈ ॥

ਗੁਰਮੁਖ ਸਿੰਘ ਸਹਿਗਲ : ਪੁਸਤਕ 'ਸਚ ਕੀ ਬਾਣੀ ਨਾਨਕ ਆਖੈ' 'ਚੋਂ ਧੰਨਵਾਦ ਸਹਿਤ

*ਰਾਗ ਨਾਦੁ ਸਭੁ ਸਚੁ ਹੈ ਕੀਮਤ ਕਹੀ ਨ ਜਾਇ॥*
*ਰਾਗੈ ਨਾਦੈ ਬਾਹਰਾ ਇਨਹੀ ਹੁਕਮਿ ਨ ਬੂਝਿਆ ਜਾਇ॥*

ਪਾਤਰ

ਮੋਹਰ ਸਿੰਘ - *ਇਕ ਦੁਕਾਨਦਾਰ*
ਜਸਵੰਤ ਕੌਰ - *ਉਸ ਦੀ ਪਤਨੀ*
ਜਸਬੀਰ - *ਇਨ੍ਹਾਂ ਦਾ ਨੌਜਵਾਨ ਪੁੱਤਰ*
ਗੁੱਡੀ - *ਇਨ੍ਹਾਂ ਦੀ ਛੋਟੀ ਧੀ*
ਆਤਮ ਪ੍ਰਕਾਸ਼ - *ਸੰਗੀਤਕਾਰ*
ਗਿਆਨੀ ਪੂਰਨ ਸਿੰਘ - *ਰਾਗੀ*
ਸੁਰਪ੍ਰੀਤ - *ਗਿਆਨੀ ਜੀ ਦੀ ਪੁੱਤਰੀ*
*ਮੁਹੱਲੇ ਦੀਆਂ ਗੁਆਂਢਣਾਂ ਅਤੇ ਦੋ ਹੋਰ ਵਿਅਕਤੀ*

*(ਦ੍ਰਿਸ਼ ਪਹਿਲਾ)*

(ਮੋਹਰ ਸਿੰਘ ਦਾ ਘਰ-ਕਮਰੇ ਵਿਚ ਉਸ ਦੀ ਪਤਨੀ ਜਸਵੰਤ ਕੌਰ ਬੈਠੀ ਹੈ। ਛੋਟੀ ਬੱਚੀ ਗੁੱਡੀ ਇਕ ਪਾਸੇ ਗੁੱਡੀਆਂ-ਪਟੋਲੇ ਖੇਡ ਰਹੀ ਹੈ। ਅੰਦਰ ਦੂਜੇ ਕਮਰੇ ਵਿਚ ਸੰਗੀਤ ਦੇ ਰਿਆਜ਼ ਦੀ ਆਵਾਜ਼ ਆ ਰਹੀ ਹੈ- 'ਨੀ ਰੇ ਗ ਮ' ਧ ਨੀ ਸ' ਅੰਦਰ ਜਸਬੀਰ ਰਿਆਜ਼ ਕਰ ਰਿਹਾ ਹੈ। ਮੋਹਰ ਸਿੰਘ ਉਸ ਦੇ ਰਿਆਜ਼ ਤੋਂ ਖਿੱਝਦਾ ਹੋਇਆ ਆਪਣੀ ਪਤਨੀ ਜਸਵੰਤ ਨੂੰ ਕਹਿੰਦਾ ਹੈ)

**ਮੋਹਰ ਸਿੰਘ** : ਹੁਣ ਇਹ ਕਦੋਂ ਤੱਕ ਇਸ ਤਰ੍ਹਾਂ ਮਿਰਾਸੀਆਂ ਵਾਲੇ ਕੰਮ ਕਰਦਾ ਰਹੇਗਾ? ਤੂੰ ਇਸ ਨੂੰ ਸਮਝਾਉਂਦੀ ਕਿਉਂ ਨਹੀਂ?

**ਜਸਵੰਤ** : ਮੈਂ ਕੀ ਸਮਝਾਵਾਂ ਹੁਣ! ਕਿੰਨੀ ਵਾਰੀ ਤਾਂ ਆਖ ਚੁੱਕੀ ਹਾਂ ਕਿ ਆਪਣੇ ਡੈਡੀ ਨਾਲ ਦੁਕਾਨ ਉੱਤੇ ਬੈਠਿਆ ਕਰ, ਪਰ ਇਸ ਦੇ ਸਿਰ ਉੱਤੇ ਤਾਂ ਸੰਗੀਤ ਦਾ ਭੂਤ ਸਵਾਰ ਹੈ।

**ਮੋਹਰ ਸਿੰਘ** : ਇਹ ਭੂਤ ਤਾਂ ਮੈਨੂੰ ਇਕ ਦਿਨ ਉਤਾਰਨਾ ਹੀ ਪਵੇਗਾ। ਤੈਨੂੰ ਕੀ ਦੱਸਾਂ, ਦੁਕਾਨ ਦੇ ਕੰਮ ਵਿਚ ਮੇਰਾ ਕਿੰਨਾ ਹਰਜਾ ਹੋ ਰਿਹਾ ਹੈ। ਅਜੇ ਕੱਲ ਹੀ ਜ਼ਰਾ ਜਿਹਾ ਪਰਮਾਨੰਦ ਦੇ ਪਿਓ ਦੀ ਮੁਕਾਣ ਉੱਤੇ ਕੀ ਜਾਣਾ ਪੈ ਗਿਆ ਕਿ ਪਿੱਛੇ ਨੌਕਰ ਨੇ ਗੱਲੇ ਉੱਤੇ ਹੱਥ ਸਾਫ ਕਰ ਲਿਆ। ਜੇ ਆਪਣਾ ਬੰਦਾ ਗੱਲੇ ਕੋਲ ਬੈਠਾ ਹੋਵੇ ਤਾਂ ਕਿਉਂ ਨੁਕਸਾਨ ਹੋਵੇ? ਅੱਜਕੱਲ ਇਨ੍ਹਾਂ ਨੌਕਰਾਂ ਦੇ ਸਹਾਰੇ ਦੁਕਾਨ ਛੱਡਣਾ ਆਪਣਾ ਝੁੱਗਾ ਚੌੜ ਕਰਨਾ ਹੈ-

(ਅੰਦਰ ਕਮਰੇ ਵਿਚੋਂ ਸੰਗੀਤ ਦੇ ਰਿਆਜ਼ ਦੀ ਆਵਾਜ਼ ਬੰਦ ਹੁੰਦੀ ਹੈ ਤੇ ਜਸਬੀਰ ਕਮਰੇ ਵਿਚੋਂ ਬਾਹਰ ਨਿਕਲਦਾ ਹੈ-ਉਚਾ, ਲੰਮਾ, ਪਤਲਾ ਸਰੀਰ, ਮਲਮਲ ਦਾ ਕੁੜਤਾ ਪਜਾਮਾ ਪਾਇਆ ਹੋਇਆ ਹੈ-ਆਪਣੀ ਮੰਮੀ ਵੱਲ ਮੁਖਾਤਿਬ ਹੁੰਦਾ ਹੈ)

**ਜਸਬੀਰ** : ਮੰਮੀ ਇੱਥੇ ਮੇਰੀ ਸੰਗੀਤ ਦੀ ਕਿਤਾਬ 'ਸੁਰ-ਸਾਗਰ' ਪਈ ਸੀ? ਲੱਭ ਨਹੀਂ ਰਹੀ। ਉਸ ਵਿਚੋਂ ਮੈਂ ਕੁਝ ਸਰਗਮਾਂ ਯਾਦ ਕਰਨੀਆਂ ਨੇ (ਇਸ ਤੋਂ ਪਹਿਲਾਂ ਕਿ ਉਸ ਦੀ ਮੰਮੀ ਕੁਝ ਜਵਾਬ ਦੇਵੇ)

**ਮੋਹਰ ਸਿੰਘ** : ਜਸਬੀਰ ਪੁੱਤਰ ਹੁਣ ਤੂੰ ਕਿੰਨਾ ਚਿਰ ਹੋਰ ਸੰਗੀਤ ਕਰੇਂਗਾ? ਅੱਜ ਪੂਰਾ ਇਕ ਸਾਲ ਹੋ ਗਿਆ ਤੈਨੂੰ ਬੀ ਏ ਪਾਸ ਕੀਤਿਆਂ ਨਾ ਤੂੰ ਕਿਸੇ ਨੌਕਰੀ ਲਈ ਅਪਲਾਈ ਕੀਤਾ ਹੈ ਅਤੇ ਨਾ ਹੀ ਤੂੰ ਮੇਰੇ ਆਖੇ ਲੱਗਦਾ ਹੈਂ।

**ਜਸਬੀਰ** : (ਕੁਝ ਖਿੱਝ ਕੇ) ਡੈਡੀ ਮੈਂ ਤੁਹਾਨੂੰ ਕਿੰਨੀ ਵਾਰੀ ਕਹਿ ਚੁੱਕਾਂ ਕਿ ਮੈਂ ਕੋਈ ਨੌਕਰੀ-ਸ਼ੌਕਰੀ ਨਹੀਂ

ਕਰਨੀ। ਬਾਕੀ ਰਿਹਾ ਸਵਾਲ ਦੁਕਾਨ ਉੱਤੇ ਬੈਠਣ ਦਾ, ਉਹ ਤਾਂ ਕਦੀ ਵੀ ਮੇਰੇ ਤੋਂ ਨਹੀਂ ਹੋਣਾ, ਮੈਂ ਤਾਂ ਬੱਸ ਸੰਗੀਤ ਦਾ ਹੀ ਰਿਆਜ਼ ਕਰਨਾ ਹੈ।

**ਜਸਵੰਤ** : ਪਰ ਪੁੱਤਰ ਨਿਰਾ ਸੰਗੀਤ ਦੇ ਰਿਆਜ਼ ਨਾਲ ਤਾਂ ਪੇਟ ਨਹੀਂ ਭਰਦਾ, ਤੈਨੂੰ ਆਪਣੇ ਡੈਡੀ ਦੀ ਗੱਲ ਮੰਨ ਲੈਣੀ ਚਾਹੀਦੀ ਹੈ, ਅਤੇ ਦੁਕਾਨ ਉਤੇ ਉਨ੍ਹਾਂ ਨਾਲ ਹੱਥ ਵਟਾਉਣਾ ਚਾਹੀਦਾ ਹੈ।

**ਜਸਬੀਰ** : ਮੰਮੀ, ਹੁਣ ਤੁਸੀਂ ਵੀ ਉਹ ਬੋਲੀ ਬੋਲਣ ਲਗ ਪਏ ਹੋ? ਸੰਗੀਤ ਦਾ ਰਿਆਜ਼ ਕੋਈ ਮਾਮੂਲੀ ਗੱਲ ਨਹੀਂ, ਇਸ ਵਿਚ ਵੀ ਲੋਕ ਚੰਗਾ ਕਮਾਉਂਦੇ ਨੇ।

**ਮੋਹਰ ਸਿੰਘ** : ਸੁਆਹ ਕਮਾਉਂਦੇ ਨੇ! ਪੁੱਤਰ, ਕੰਮ ਉਹ ਕਰੀਏ ਜਿਸ ਵਿਚ ਕੋਈ ਇੱਜਤ ਹੋਵੇ। ਮਿਰਾਸੀਆਂ ਵਾਂਗ ਢੋਲਕੀਆਂ ਛੈਣੇ ਲੈ ਕੇ ਤੁਰ ਪੈਣਾ ਸਾਡੇ ਖਾਨਦਾਨ ਦੀ ਰੀਤ ਨਹੀਂ।

**ਜਸਬੀਰ** : ਡੈਡੀ ਤੁਸੀਂ ਕੀ ਸਮਝਦੇ ਹੋ, ਸੰਗੀਤਕਾਰਾਂ ਦੀ ਕੋਈ ਇੱਜਤ ਨਹੀਂ ਹੁੰਦੀ? ਅੱਜ ਲਤਾ ਮੰਗੇਸ਼ਕਰ ਵਰਗੇ ਸੰਗੀਤਕਾਰਾਂ ਦਾ ਜਿੰਨਾ ਮਾਨ-ਸਨਮਾਨ ਹੋ ਰਿਹੈ, ਕਿਸੇ ਵੱਡੇ ਕਹਿੰਦੇ ਕਹਾਉਂਦੇ ਧਨਾਢ ਜਾਂ ਲੀਡਰਾਂ ਦਾ ਨਹੀਂ ਹੋ ਰਿਹਾ।

**ਮੋਹਰ ਸਿੰਘ** : ਲਤਾ ਮੰਗੇਸ਼ਕਰ ਹੋਰਾਂ ਦੀ ਗੱਲ ਵੱਖਰੀ ਹੈ ਪੁੱਤਰ, ਤੂੰ ਉਨ੍ਹਾਂ ਦਾ ਮੁਕਾਬਲਾ ਕਿਵੇਂ ਕਰ ਸਕਦੈਂ? ਉਹ ਕਸਬੀ ਲੋਕ ਨੇ ਉਨ੍ਹਾਂ ਦੇ ਖਾਨਦਾਨ ਵਿਚ ਕਈ ਪੁਸ਼ਤਾਂ ਤੋਂ ਇਹ ਪੇਸ਼ਾ ਚੱਲਿਆ ਆ ਰਿਹਾ-ਤੇਰੀਆਂ ਤਾਂ ਪਿਛਲੀਆਂ ਦਸ ਪੁਸ਼ਤਾਂ ਵਿਚ ਕਦੇ ਕਿਸੇ ਨੇ ਸੰਗੀਤ ਦਾ ਨਾਂ ਤੱਕ ਨਹੀਂ ਸੁਣਿਆ ਇਸ ਲਈ ਮੈਂ ਕਹਿਨਾ ਕਿ ਤੂੰ ਵੀ ਆਪਣਾ ਜੱਦੀ ਪੇਸ਼ਾ ਆਪਣਾ ਲੈ, ਅਤੇ ਆ ਚੱਲ ਮੇਰੇ ਨਾਲ ਦੁਕਾਨ ਉਤੇ ਆ ਕੇ ਬੈਠ। ਘਰ ਵਿਹਲੇ ਬੈਠਣ ਨਾਲੋਂ ਤਾਂ ਉਥੇ ਠੀਕ ਰਹੇਂਗਾ।

**ਜਸਬੀਰ** : ਤੁਸੀਂ ਸਮਝਦੇ ਹੋ ਮੈ ਘਰ ਵਿਹਲਾ ਬੈਠਦਾ ਹਾਂ? ਛੇ ਛੇ ਘੰਟੇ ਰਿਆਜ਼ ਕਰਦਾ ਹਾਂ ਫਿਰ ਸੰਗੀਤ ਨਾਲ ਸੰਬਧਿਤ ਕਿਤਾਬਾਂ ਵੀ ਪੜ੍ਹਦਾ ਹਾਂ।

**ਮੋਹਰ ਸਿੰਘ** : ਅਜਿਹੀਆਂ ਕਿਤਾਬਾਂ ਪੜ੍ਹਨ ਦਾ ਕੀ ਫਾਇਦਾ ਜੋ ਤੁਹਾਨੂੰ ਨੌਕਰੀ ਨਾ ਦਿਵਾ ਸਕਣ?

**ਜਸਵੰਤ** : ਪੁੱਤਰ ਤੇਰੇ ਡੈਡੀ ਠੀਕ ਕਹਿ ਰਹੇ ਨੇ ਸੰਗੀਤ ਦਾ ਰਿਆਜ਼ ਕਰਨ ਜਾਂ ਸੰਗੀਤ ਦੀਆਂ ਕਿਤਾਬਾਂ ਪੜ੍ਹਨ ਨਾਲ ਰੋਟੀ ਦਾ ਮਸਲਾ ਹੱਲ ਨਹੀਂ ਹੁੰਦਾ।

**ਜਸਬੀਰ** : (ਖਿੱਝ ਕੇ) ਕੀ ਤੁਸੀਂ ਇੰਨੇ ਕੰਗਾਲ ਹੋ ਗਏ ਹੋ ਕਿ ਤੁਹਾਡਾ ਰੋਟੀ ਦਾ ਮਸਲਾ ਵੀ ਹੱਲ ਨਹੀ ਹੋ ਰਿਹੈ? ਚੰਗੀ ਭਲੀ ਦੁਕਾਨ ਚੱਲ ਤਾਂ ਰਹੀ ਏ।

**ਮੋਹਰ ਸਿੰਘ** : ਪਰ ਪੁੱਤਰ, ਮੈਂ ਹਮੇਸ਼ਾ ਤਾਂ ਦੁਕਾਨ ਉਤੇ ਨਹੀਂ ਬੈਠੇ ਰਹਿਣਾ। ਮੇਰੇ ਬਾਅਦ ਤੂੰ ਹੀ ਤਾਂ ਇਹ ਸਭ ਸੰਭਾਲਣਾ ਹੈ।

**ਜਸਬੀਰ** : (ਕੁਝ ਲਾਜਵਾਬ ਜਿਹਾ ਹੋ ਕੇ) ਡੈਡੀ ਤੁਸੀਂ ਇਹੋ ਜਿਹੀਆਂ ਗੱਲਾਂ ਕਿਉਂ ਕਰ ਰਹੇ ਹੋ। ਇਹ ਕੋਈ ਜ਼ਰੂਰੀ ਤਾਂ ਨਹੀਂ ਕਿ ਤੁਸੀਂ ਦੁਕਾਨਦਾਰੀ ਕਰਦੇ ਹੋ ਤੇ ਮੈਂ ਵੀ ਦੁਕਾਨਦਾਰ ਬਣ ਜਾਵਾਂ? ਮੈਂ ਤਾਂ ਆਪਣੇ ਤਰੀਕੇ ਨਾਲ ਕੁਝ ਕਰਨਾ ਚਾਹੁੰਨਾਂ।

**ਮੋਹਰ ਸਿੰਘ** : (ਵਿਚੋਂ ਕੱਟ ਕੇ) ਆਪਣੇ ਤਰੀਕੇ ਨਾਲ ਤੂੰ ਸੁਆਹ ਕਰੇਂਗਾ। ਇਹ ਸੰਗੀਤ ਵੰਗੀਤ ਵਿਚ ਸਾਡੇ ਖਾਨਦਾਨ ਦੇ ਕਿਸੇ ਬੰਦੇ ਨੇ ਕਦੇ ਕੁਝ ਨਹੀਂ ਕੀਤਾ। ਹੋਰ ਦੂਰ ਕੀ ਜਾਨਾ ਏ। ਇਹ ਮੇਰੇ ਮਾਸੀ ਦੇ ਮੁੰਡੇ ਅਮਰੀਕ ਨੂੰ ਵੀ ਸੰਗੀਤ ਦਾ ਖਬਤ ਸੀ, ਹੁਣ ਵੇਖ ਉਸ ਦੀ ਕੀ ਹਾਲਤ ਹੋ ਗਈ ਏ।

**ਜਸਬੀਰ** : ਡੈਡੀ ਉਸ ਦੀ ਹਾਲਤ ਗਲਤ ਆਦਤਾਂ ਕਰਕੇ ਹੋਈ ਏ। ਦਿਨੇ ਰਾਤੀਂ ਤਾਂ ਉਹ ਦਾਰੂ ਪੀਂਦਾ ਰਹਿੰਦਾ ਹੈ। ਸੰਗੀਤ ਉਹ ਕੀ ਕਰੇਗਾ? ਸੰਗੀਤ ਤਾਂ ਇਕ ਸਾਧਨਾ ਹੈ, ਇਕ ਇਬਾਦਤ ਹੈ, ਜੋ ਇਸ ਦੀ ਇਬਾਦਤ ਨਹੀਂ ਕਰਦਾ ਉਸ ਦਾ ਹਾਲ ਇਸੇ ਤਰ੍ਹਾਂ ਹੀ ਹੁੰਦਾ ਹੈ। ਪਰ ਮੈਂ ਆਪਣੇ ਇਰਾਦੇ ਉੱਤੇ ਪੱਕਾ ਹਾਂ- ਮੈਂ ਸੰਗੀਤ ਦੀ ਪਵਿੱਤਰਤਾ ਨੂੰ ਕਾਇਮ ਰੱਖਿਆ ਹੈ। (ਮੋਹਰ ਸਿੰਘ ਉਸ ਦੀਆਂ ਗੱਲਾਂ ਤੋਂ ਕੁਝ ਪ੍ਰਭਾਵਿਤ ਤਾਂ ਹੁੰਦਾ ਹੈ ਪਰ ਜਾਹਿਰ ਨਹੀਂ ਕਰਦਾ)

**ਮੋਹਰ ਸਿੰਘ** : (ਆਪਣੀ ਪਤਨੀ ਵੱਲ ਮੁਖਾਤਿਬ ਹੋ ਕੇ) ਇਸ ਨਾਲ ਤਾਂ ਮੱਥਾ ਮਾਰਨਾ ਹੀ ਫਜ਼ੂਲ ਹੈ। ਮੈਂ ਦੁਕਾਨ ਤੇ ਚੱਲਦਾਂ, ਜੇ ਟਾਈਮ ਮਿਲਿਆ ਤਾਂ ਰੋਟੀ ਖਾਣ ਆ ਜਾਵਾਂਗਾ ਨਹੀ ਤਾਂ ਨੌਕਰ ਨੂੰ ਭੇਜ ਦੇਵਾਂਗਾ। ਉਸ ਦੇ ਹੱਥੀਂ ਮੇਰੀ ਰੋਟੀ ਭੇਜ ਦੇਵੀਂ।

**ਜਸਬੀਰ** : ਡੈਡੀ ਨੌਕਰ ਨੂੰ ਨਾ ਭੇਜਿਓ, ਅੱਜ ਮੈ ਸਾਢੇ ਬਾਰਾਂ ਕੁ ਵਜੇ ਗੁਰੂ ਜੀ ਕੋਲ ਜਾਣਾ ਹੈ, ਉਧਰੋਂ ਲੰਘਦਾ ਹੋਇਆ ਤੁਹਾਡੀ ਰੋਟੀ ਵੀ ਲੈਂਦਾ ਆਵਾਂਗਾ।

**ਮੋਹਰ ਸਿੰਘ** : ਠੀਕ ਹੈ, ਫਿਰ ਤੂੰ ਹੀ ਮੇਰਾ ਖਾਣਾ ਲੈਂਦਾ ਆਵੀਂ। (ਇਹ ਕਹਿ ਕੇ ਉਹ ਘਰੋਂ ਬਾਹਰ ਨਿਕਲ ਜਾਂਦਾ ਹੈ। ਉਸ ਦੇ ਜਾਣ ਤੋਂ ਬਾਅਦ ਜਸਬੀਰ ਆਪਣੀ ਮੰਮੀ ਨੂੰ ਪੁੱਛਦਾ ਹੈ)

**ਜਸਬੀਰ** : ਮੰਮੀ ਮੇਰੀ ਉਹ 'ਸੁਰ-ਸਾਗਰ' ਦੀ ਕਿਤਾਬ ਨਹੀ ਮਿਲ ਰਹੀ (ਇੱਧਰ ਉੱਧਰ ਵੇਖਦਾ ਹੈ। ਇਕ ਦਮ

ਉਸ ਦੀ ਨਜ਼ਰ ਗੁੱਡੀ ਉੱਤੇ ਪੈਂਦੀ ਹੈ ਜੋ ਕਿਤਾਬ ਦੇ ਵਰਕੇ ਉਲਟ ਪਲਟ ਰਹੀ ਹੈ। ਜਸਬੀਰ ਉਸ ਦੇ ਕੋਲ ਜਾ ਕੇ ਕਿਤਾਬ ਲੈਂਦਾ ਹੈ) ਮਰ ਜਾਣੀਏ! ਇਹ ਕੀ ਕਰ ਰਹੀ ਏਂ? ਸਾਰੀ ਕਿਤਾਬ ਖਰਾਬ ਕਰ ਛੱਡੀ ਆ। (ਗੁੱਡੀ ਊਂ ਊਂ ਕਰਦੀ ਹੈ- ਅੰਦਰੋਂ ਮੰਮੀ ਗੁੱਡੀ ਦੀ ਆਵਾਜ਼ ਸੁਣ ਕੇ ਪੁੱਛਦੀ ਹੈ)

**ਜਸਵੰਤ** : ਕੀ ਹੋ ਗਿਆ ਜੱਸੀ, ਗੁੱਡੀ ਕਿਉਂ ਰੋਣ ਲੱਗ ਪਈ?

**ਜਸਬੀਰ** : ਮੰਮੀ ਇਸ ਮਰ ਜਾਣੀ ਨੇ ਮੇਰੀ ਸੰਗੀਤ ਦੀ ਕਿਤਾਬ ਵਰਕੇ ਵਰਕੇ ਕਰ ਦਿੱਤੀ।

**ਜਸਵੰਤ** : (ਕਮਰੇ ਤੋਂ ਬਾਹਰ ਆ ਕੇ ਗੁੱਡੀ ਨੂੰ ਚੁੱਕਦੀ ਹੋਈ) ਪੁੱਤਰ ਤੂੰ ਆਪਣੀਆਂ ਕਿਤਾਬਾਂ ਥਾਂ ਸਿਰ ਕਿਉਂ ਨਹੀਂ ਰੱਖਦਾ? ਇਸ ਬਾਲੜੀ ਨੂੰ ਅਜੇ ਕੀ ਪਤਾ- ਇਹ ਤਾਂ ਹਰ ਚੀਜ਼ ਨੂੰ ਖਿਡੌਣਾ ਹੀ ਸਮਝਦੀ ਹੈ। (ਗੁੱਡੀ ਨੂੰ ਥਾਪੜਦੀ ਹੈ। ਜਸਬੀਰ ਸੰਗੀਤ ਦੀ ਕਿਤਾਬ ਲੈ ਕੇ ਅੰਦਰ ਕਮਰੇ ਵਿਚ ਚਲਾ ਜਾਂਦਾ ਹੈ ਅਤੇ ਰਿਆਜ਼ ਕਰਦਾ ਹੈ। 'ਗਮ ਗਮ ਪਮ-ਗਮ ਗਰੇ ਸ'।

***(ਦ੍ਰਿਸ਼ ਦੂਜਾ)***

(ਆਤਮ ਪ੍ਰਕਾਸ਼ ਦਾ ਸੰਗੀਤ ਵਿਦਿਆਲਾ। ਉਹ ਇਕ ਪਾਸੇ ਦੀਵਾਰ ਨਾਲ ਢਾਸਣਾ ਲਾ ਕੇ ਬੈਠਾ ਹੈ। ਉਸਦੇ ਕੋਲ ਹੀ ਜਸਬੀਰ ਤਾਨਪੁਰਾ ਛੇੜ ਰਿਹਾ ਹੈ। ਆਤਮ ਪ੍ਰਕਾਸ਼ ਉਸ ਨੂੰ ਰਾਗ ਭੀਮ ਪਲਾਸੀ ਦੇ ਸੁਰ ਲਗਾਉਣ ਲਈ ਕਹਿੰਦਾ ਹੈ- ਨੀ ਸ ਗੁ ਮ ਪ ਨੀ ਸਂ ਅਤੇ ਫੇਰ ਰਾਗ ਦਾ ਆਲਾਪ ਕਰਦਾ ਹੈ-ਜਸਬੀਰ ਵੀ ਉਸ ਦੇ ਨਾਲ ਭੀਮ ਪਲਾਸੀ ਦਾ ਅਲਾਪ ਕਰਦਾ ਹੈ-ਫਿਰ ਉਹ ਰਾਗ ਗਾਣਾ ਸ਼ੁਰੂ ਕਰਦਾ ਹੈ, 'ਅਬ ਤੌਂ ਬੜੀ ਬੇਰ ਭਈ' - ਦੋਹੇਂ ਗੁਰੂ ਚੇਲਾ ਰਾਗ ਗਾਉਣ ਵਿਚ ਮਸਤ ਹਨ ਕਿ ਇੰਨੇ ਨੂੰ ਗਿਆਨੀ ਪੂਰਨ ਸਿੰਘ ਅੰਦਰ ਆਉਂਦੇ ਹਨ ਅਤੇ ਉਹਨਾਂ ਦੇ ਰਾਗ ਗਾਇਨ ਤੋਂ ਪ੍ਰਭਾਵਿਤ ਹੋ ਕੇ ਕੋਲ ਹੀ ਬੈਠ ਜਾਂਦੇ ਹਨ- ਆਤਮ ਪ੍ਰਕਾਸ਼ ਨੂੰ ਵੀ ਗਿਆਨੀ ਪੂਰਨ ਸਿੰਘ ਦੇ ਆਉਣ ਦਾ ਅਹਿਸਾਸ ਹੁੰਦਾ ਹੈ ਅਤੇ ਉਹ ਛੇਤੀ ਹੀ ਰਾਗ ਗਾਉਣਾ ਖਤਮ ਕਰਦੇ ਹਨ)

**ਗਿਆਨੀ** : ਵਾਹ! ਆਤਮ ਪ੍ਰਕਾਸ਼ ਜੀ, ਤੁਸੀਂ ਤਾਂ ਭੀਮ ਪਲਾਸੀ ਦਾ ਪੂਰਾ ਸਵਰੂਪ ਹੀ ਪੇਸ਼ ਕਰ ਦਿੱਤਾ। ਭੀਮ ਪਲਾਸੀ ਦਾ ਸਮਪ੍ਰਾਕਿਰਤਿਕ ਰਾਗ ਗੁਰੂ ਗ੍ਰੰਥ ਸਾਹਿਬ ਵਿਚ ਧਨਾਸਰੀ ਹੈ, ਜਿਸ ਦੇ ਸੁਰ ਤਾਂ ਸਾਰੇ ਭੀਮ ਪਲਾਸੀ ਵਾਲੇ ਹੀ ਹਨ ਪਰ ਜਿੱਥੇ ਭੀਮ ਪਲਾਸੀ ਵਿਚ ਮਧਿਅਮ ਸੁਰ ਪ੍ਰਬਲ ਹੈ, ਉਥੇ ਧਨਾਸਰੀ ਵਿਚ ਪੰਚਮ ਸੁਰ ਉਤੇ ਵਿਸ਼ੇਸ਼ ਬਲ ਦਿੱਤਾ ਜਾਂਦਾ ਹੈ। ਤੁਹਾਡਾ ਭੀਮ ਪਲਾਸੀ ਸੁਣ ਕੇ ਮੇਰਾ ਜੀ ਧਨਾਸਰੀ ਗਾਉਣ ਨੂੰ ਕਰ ਪਿਆ। ਇਹ ਵੇਖੋ ਗੁਰੂ ਗ੍ਰੰਥ ਸਾਹਿਬ ਵਿਚ ਮਹੱਲਾ ਨੌਵੇਂ ਦਾ ਇਕ ਸ਼ਬਦ ਹੈ (ਜਸਬੀਰ ਵੱਲ ਮੁਖਾਤਿਬ ਹੋ ਕੇ) ਕਾਕਾ ਜ਼ਰਾ ਤਾਨਪੁਰਾ ਛੇੜੀਂ (ਜਸਬੀਰ ਤਾਨਪੁਰਾ ਛੇੜਦਾ ਹੈ। ਗਿਆਨੀ ਬੜੀ ਗੰਭੀਰ ਮੁਦਰਾ ਵਿਚ ਧਨਾਸਰੀ ਦਾ ਅਲਾਪ ਕਰਦਾ ਹੈ...ਆਤਮ ਪ੍ਰਕਾਸ਼ ਦੇ ਮੂੰਹੋਂ ਆਪ ਮੁਹਾਰੇ ਵਾਹ ਨਿਕਲਦੀ ਹੈ...ਜਸਬੀਰ ਵੀ ਗਿਆਨੀ ਜੀ ਦੇ ਸੁਰ ਲਗਾਓ ਤੋਂ ਪ੍ਰਭਾਵਿਤ ਹੋ ਕੇ ਵਾਹ-ਵਾਹ ਕਰਦਾ ਹੈ। ਗਿਆਨੀ ਧਨਾਸਰੀ ਰਾਗ ਵਿਚ ਸ਼ਬਦ ਗਾਉਣਾ ਸ਼ੁਰੂ ਕਰਦਾ ਹੈ-

"ਕਾਹੇ ਰੇ ਬਨ ਖੋਜਨ ਜਾਈ-ਸਰਬ ਨਿਵਾਸੀ ਸਦਾ ਅਲੇਪਾ-ਤੋਹੀ ਸੰਗ ਸਮਾਈ" ਗਿਆਨੀ ਸ਼ਬਦ ਗਾਇਨ ਵਿਚ ਪੂਰੀ ਤਰ੍ਹਾਂ ਖੁੱਭ ਜਾਂਦਾ ਹੈ- ਜਦੋਂ ਸ਼ਬਦ ਖਤਮ ਕਰਦਾ ਹੈ ਤਾਂ ਉਸ ਤੋਂ ਪ੍ਰਭਾਵਿਤ ਹੋਇਆ ਜਸਬੀਰ ਬੜੀ ਸ਼ਰਧਾ ਨਾਲ ਉਸ ਦੇ ਪੈਰੀਂ ਹੱਥ ਲਾਉਂਦਾ ਹੋਇਆ ਕਹਿੰਦਾ ਹੈ- "ਵਾਹ ਗਿਆਨੀ ਜੀ, ਤੁਸੀਂ ਤਾਂ ਕਮਾਲ ਹੀ ਕਰ ਦਿੱਤਾ- ਇੰਨਾ ਪ੍ਰਭਾਵਸ਼ਾਲੀ ਸ਼ਬਦ ਤਾਂ ਮੈਂ ਅੱਜ ਤੱਕ ਨਹੀਂ ਸੁਣਿਆ।

**ਗਿਆਨੀ** : (ਆਪਣੇ ਦੋਹਾਂ ਕੰਨਾਂ ਨੂੰ ਹੱਥ ਲਾਉਂਦਾ ਹੋਇਆ) ਵਾਹਿਗੁਰੂ, ਵਾਹਿਗੁਰੂ।

**ਆਤਮ ਪ੍ਰਕਾਸ਼** : ਜਸਬੀਰ, ਤੈਨੂੰ ਸ਼ਾਇਦ ਪਤਾ ਨਹੀ, ਗਿਆਨੀ ਜੀ ਬਹੁਤ ਵੱਡੇ ਸੰਗੀਤਕਾਰ ਨੇ- ਇਹ ਹਰਿਮੰਦਰ ਸਾਹਿਬ ਵਿਚ ਹਜ਼ੂਰੀ ਰਾਗੀ ਰਹਿ ਚੁੱਕੇ ਨੇ-ਜੇ ਸ਼ਬਦ ਗਾਇਨ ਸਿੱਖਣਾ ਈ ਤਾਂ ਇਹਨਾਂ ਦੇ ਚਰਨੀਂ ਲੱਗ ਜਾ। ਇਹ ਤਾਂ ਮੇਰੇ ਵੀ ਗੁਰੂ ਨੇ।

**ਗਿਆਨੀ** : ਵਾਹਿਗੁਰੂ-ਵਾਹਿਗੁਰੂ ਆਤਮ ਪ੍ਰਕਾਸ਼ ਜੀ ਤੁਸੀਂ ਇਹ ਕੀ ਕਹਿ ਰਹੇ ਹੋ, ਤੁਸੀਂ ਤਾਂ ਆਪ ਬੜੇ ਮਹਾਨ ਗਾਇਕ ਹੋ-ਮੈਂ ਤਾਂ ਸਗੋਂ ਤੁਹਾਥੋਂ ਬਹੁਤ ਕੁਝ ਸਿੱਖਿਆ ਹੈ। (ਜਸਬੀਰ ਵੱਲ ਮੁਖਾਤਿਬ ਹੋ ਕੇ) ਕਾਕਾ ਅਸੀਂ ਦੋਵੇਂ ਗੁਰੂ ਭਾਈ ਹਾਂ। ਅਸੀਂ ਇਕੱਠਿਆਂ ਹੀ ਪੰਡਿਤ ਦਲੀਪ ਚੰਦਰ ਵੇਦੀ ਤੋਂ ਸੰਗੀਤ ਸਿੱਖਣਾ ਸ਼ੁਰੂ ਕੀਤਾ ਸੀ।

**ਆਤਮ ਪ੍ਰਕਾਸ਼** : ਸਿੱਖਣਾ ਤਾਂ ਇਕੱਠਿਆਂ ਸ਼ੁਰੂ ਕੀਤਾ ਸੀ, ਪਰ ਬਾਅਦ ਵਿਚ ਇਹ ਮੇਰੇ ਤੋਂ ਬਹੁਤ ਅੱਗੇ ਨਿਕਲ ਗਏ।

**ਗਿਆਨੀ** : ਵਾਹਿਗੁਰੂ, ਵਾਹਿਗੁਰੂ ਆਤਮ ਪ੍ਰਕਾਸ਼ ਜੀ ਤੁਸੀਂ ਇਹ ਕੀ ਕਹਿ ਰਹੇ ਹੋ-ਸਗੋਂ ਮੈਨੂੰ ਤਾਂ ਕਈ ਵਾਰੀ ਤੁਹਾਡੇ ਉਤੇ ਰਸ਼ਕ ਹੁੰਦਾ ਹੈ। ਰਾਗ ਵਿੱਦਿਆ ਬਾਰੇ ਤੁਹਾਡੀ ਜੋ ਵਾਕਫੀਅਤ ਹੈ ਉਹ ਮੇਰੀ ਕਿੱਥੇ?

**ਆਤਮ ਪ੍ਰਕਾਸ਼** : ਵਾਹ ਗਿਆਨੀ ਜੀ, ਅਜੇ ਤੁਹਾਡੀ ਵਾਕਫੀਅਤ ਨਹੀਂ? ਇਹ ਹੁਣ ਜੋ ਤੁਸਾਂ ਰਾਗ ਧਨਾਸਰੀ ਨੂੰ ਭੀਮ ਪਲਾਸੀ ਤੋਂ ਵੱਖ ਕਰਕੇ ਦੱਸਿਆ ਹੈ, ਮੈਂ ਸੱਚ ਕਹਿੰਦਾ ਹਾਂ ਕਿ ਮੈਨੂੰ ਇਸ ਬਾਰੇ ਅੱਜ ਹੀ ਪਤਾ ਲੱਗਿਆ ਹੈ।

**ਗਿਆਨੀ** : ਵਾਹਿਗੁਰੂ, ਵਾਹਿਗੁਰੂ ਕਿਉਂ ਮਜ਼ਾਕ ਕਰਦੇ ਹੋ, ਆਤਮ ਪ੍ਰਕਾਸ਼ ਜੀ-

**ਆਤਮ ਪ੍ਰਕਾਸ਼** : ਮੇਰਾ ਯਕੀਨ ਕਰੋ ਗਿਆਨੀ ਜੀ, ਮੈਨੂੰ ਇਸ ਰਾਗ ਬਾਰੇ ਕੋਈ ਇਲਮ ਨਹੀਂ ਸੀ। ਸਗੋਂ ਹੁਣ ਤਾਂ ਮੇਰਾ ਗਾਣਾ ਵੀ ਰੋਜ਼ੀ-ਰੋਟੀ ਤੱਕ ਸੀਮਿਤ ਹੋ ਗਿਆ। ਜਦੋਂ ਰਿਆਜ਼ ਕਰਨ ਦਾ ਸਮਾ ਸੀ ਉਦੋਂ ਘਰ ਦੀਆਂ ਜ਼ਿੰਮੇਵਾਰੀਆਂ ਨੇ ਆ ਘੇਰਿਆ ਸੀ, ਤੁਸੀਂ ਚੰਗੇ ਰਹੇ ਗੁਰਬਾਣੀ ਸੰਗੀਤ ਵੱਲ ਲੱਗੇ ਰਹੇ- ਅੱਜ ਤੁਹਾਡਾ ਗੁਰਮਤਿ ਸੰਗੀਤ ਵਿਚ ਨਾਂ ਹੈ-

**ਗਿਆਨੀ** : ਵਾਹਿਗੁਰੂ, ਵਾਹਿਗੁਰੂ (ਉੱਪਰ ਹੱਥ ਕਰਕੇ) ਇਹ ਸਭ ਗੁਰੂ ਮਹਾਰਾਜ ਦੀ ਬਖਸ਼ਿਸ਼ ਹੈ ਵਰਨਾ ਮੇਰੇ ਘਰ ਵਿਚ ਅਜਿਹਾ ਕੋਈ ਸੰਗੀਤ ਦਾ ਮਾਹੌਲ ਨਹੀਂ ਸੀ। ਇਹ ਤਾਂ ਸਬੱਬ ਨਾਲ ਭਾਈ ਸਰਨ ਸਿੰਘ ਰਾਗੀ ਹੁਰਾਂ ਨੇ ਮੇਰਾ ਗਾਇਨ ਸੁਣਿਆ ਅਤੇ ਮੈਨੂੰ ਗੁਰਬਾਣੀ ਸੰਗੀਤ ਵੱਲ ਪ੍ਰੇਰਿਆ। ਫਿਰ ਉਨ੍ਹਾਂ ਦੀ ਸੰਗਤ ਵਿਚ ਗੁਰਬਾਣੀ ਸੰਗੀਤ ਦਾ ਅਜਿਹਾ ਰੰਗ ਚੜ੍ਹਿਆ ਕਿ ਹੋਰ ਕੋਈ ਰੰਗ ਪਸੰਦ ਹੀ ਨਹੀਂ ਆਇਆ- (ਜਸਬੀਰ ਬੜੇ ਧਿਆਨ ਨਾਲ ਗਿਆਨੀ ਜੀ ਦੀਆਂ ਗੱਲਾਂ ਸੁਣ ਰਿਹਾ ਹੈ, ਉਨ੍ਹਾਂ ਦੇ ਰਾਗ ਗਾਇਨ ਤੋਂ ਪ੍ਰਭਾਵਿਤ ਹੋਇਆ ਪੁੱਛਦਾ ਹੈ)

**ਜਸਬੀਰ** : ਗਿਆਨੀ ਜੀ, ਤੁਹਾਨੂੰ ਪਹਿਲਾਂ ਤਾਂ ਕਦੇ ਨਹੀਂ ਵੇਖਿਆ ਤੁਹਾਡੀ ਰਿਹਾਇਸ਼ ਕਿੱਥੇ ਹੈ?

**ਆਤਮ ਪ੍ਰਕਾਸ਼** : ਗਿਆਨੀ ਜੀ ਤਾਂ ਅੰਮ੍ਰਿਤਸਰ ਹੀ ਰਹਿੰਦੇ ਨੇ ਇਹ ਪਿੱਛੇ ਜਿਹੇ ਸੇਵਾ ਮੁਕਤ ਹੋ ਕੇ ਪਟਿਆਲੇ ਆਏ ਨੇ। ਵੈਸੇ ਰਹਿਣ ਵਾਲੇ ਤਾਂ ਪਟਿਆਲੇ ਦੇ ਹੀ ਨੇ ਪਰ ਹਜ਼ੂਰੀ ਰਾਗੀ ਦੀ ਪਦਵੀ ਉੱਤੇ ਪਹੁੰਚ ਕੇ ਅੰਮ੍ਰਿਤਸਰ ਹੀ ਟਿੱਕ ਗਏ ਸਨ।

**ਜਸਬੀਰ** : ਅੱਜ ਕੱਲ ਇਹ ਪਟਿਆਲੇ ਵਿਚ ਕਿਸ ਥਾਂ ਰਹਿੰਦੇ ਹਨ?

**ਆਤਮ ਪ੍ਰਕਾਸ਼** : ਕਿਉਂ, ਇਨ੍ਹਾਂ ਦੇ ਚਰਨੀਂ ਲੱਗਣ ਦਾ ਵਿਚਾਰ ਤਾਂ ਨਹੀਂ?

**ਜਸਬੀਰ** : ਜੇ ਇਹ ਲਗਾ ਲੈਣ ਤਾਂ ਮੇਰੇ ਧੰਨ ਭਾਗ।

**ਗਿਆਨੀ** : (ਜਸਬੀਰ ਦੇ ਸਿਰ ਉੱਤੇ ਹੱਥ ਫੇਰਦਾ ਹੋਇਆ) ਵਾਹਿਗੁਰੂ, ਵਾਹਿਗੁਰੂ- ਬੇਟਾ ਮੈਂ ਤੈਨੂੰ ਕੀ ਦੱਸ ਸਕਦਾਂ-ਤੂੰ ਤਾਂ ਅੱਗੇ ਹੀ ਏਨੇ ਗੁਣੀ ਬੰਦੇ ਦੇ ਚਰਨੀਂ ਲੱਗਾ ਹੋਇਐਂ।

**ਆਤਮ ਪ੍ਰਕਾਸ਼** : ਗਿਆਨੀ ਜੀ ਮੈਂ ਤਾਂ ਜੋ ਇਸ ਨੂੰ ਦੱਸਣਾ ਸੀ, ਦੱਸ ਚੁੱਕਾ ਹਾਂ। ਹੁਣ ਅੱਗੇ ਇਸ ਦਾ ਆਪਣਾ ਰਿਆਜ਼ ਹੈ, ਜੇ ਤੁਸੀਂ ਇਸ ਨੂੰ ਗੁਰਮਤਿ ਸੰਗੀਤ ਦਾ ਗਿਆਨ ਵੀ ਕਰਾ ਦਿਓ ਤਾਂ ਇਸ ਦਾ ਜਨਮ ਵੀ ਸਫਲ ਹੋ ਜਾਵੇਗਾ।

**ਗਿਆਨੀ** : ਵਾਹਿਗੁਰੂ, ਵਾਹਿਗੁਰੂ ਜਨਮ ਸਫਲ ਤਾਂ ਇਸ ਦੇ ਆਪਣੇ ਕਰਮਾਂ ਤੇ ਮਿਹਨਤ ਨਾਲ ਹੋਣਾ ਹੈ- ਬਾਕੀ ਰਹੀ ਗੁਰਮਤਿ ਸੰਗੀਤ ਦੇ ਗਿਆਨ ਦੀ ਗੱਲ, ਉਹ ਮੇਰੇ ਵਰਗਾ ਅਗਿਆਨੀ ਬੰਦਾ ਕੀ ਕਰਵਾਏਗਾ? ਇਸ ਦਾ ਆਪਣਾ ਰਿਆਜ਼ ਤੇ ਲਗਨ ਹੀ ਇਸ ਦਾ ਰਾਹ ਸੁਖਾਲਾ ਕਰਨਗੇ- ਮੇਰੇ ਵੱਲੋਂ ਜੋ ਸੇਵਾ ਹੋ ਸਕੀ ਮੈਂ ਕਰ ਦੇਵਾਂਗਾ (ਜਸਬੀਰ ਵੱਲ ਮੁਖਾਤਿਬ ਹੋ ਕੇ) ਬੇਟਾ ਮੈਂ ਅੱਜ ਕੱਲ ਮਾਡਲ ਟਾਊਨ, ਰਘਬੀਰ ਨਗਰ ਰਹਿੰਦਾ ਹਾਂ, ਕੋਠੀ ਨੰਬਰ ਐਫ-੩੯ ਕਿਸੇ ਵੇਲੇ ਵੀ ਆ ਜਾਵੀਂ, ਪਰ ਆਉਣ ਤੋਂ ਪਹਿਲਾਂ ਟੈਲੀਫੋਨ ਜ਼ਰੂਰ ਕਰ ਦੇਵੀਂ- ਮੇਰਾ ਟੈਲੀਫੋਨ ਨੰਬਰ ਹੈ ੩੦੦੬੬੨ (ਜਸਬੀਰ ਆਪਣੀ ਕਾਪੀ ਵਿਚ ਟੈਲੀਫੋਨ ਨੰਬਰ ਨੋਟ ਕਰਦਾ ਹੈ)

**ਜਸਬੀਰ** : ਗਿਆਨੀ ਜੀ, ਮੈਂ ਜ਼ਰੂਰ ਤੁਹਾਡੇ ਦਰਸ਼ਨਾਂ ਲਈ ਆਵਾਂਗਾ।

**ਗਿਆਨੀ** : ਜੀ ਸਦਕੇ (ਆਪਣੀ ਘੜੀ ਵੱਲ ਵੇਖਦਾ ਹੈ) ਓਹ ਹੋ! ਮੈਂ ਤਾਂ ਗਿਆਰਾਂ ਵਜੇ ਸੰਤ ਨਿਰੰਜਣ ਸਿੰਘ ਦੇ ਡੇਰੇ ਪਹੁੰਚਣਾ ਸੀ। ਗੱਲਾਂ ਗੱਲਾਂ ਵਿਚ ਪਤਾ ਹੀ ਨਹੀਂ ਲੱਗਿਆ- (ਉੱਠਦਾ ਹੋਇਆ) ਚੰਗਾ ਆਤਮ ਪ੍ਰਕਾਸ਼ ਜੀ, ਹੁਣ ਆਗਿਆ ਦਿਓ।

**ਆਤਮ ਪ੍ਰਕਾਸ਼** : ਗਿਆਨੀ ਜੀ ਮੈਂ ਤਾਂ ਕਹਿੰਦਾ ਪ੍ਰਸ਼ਾਦਾ ਛੱਕ ਕੇ ਜਾਓ।

**ਗਿਆਨੀ** : ਨਹੀਂ ਹੁਣ ਨਹੀਂ ਫੇਰ ਕਦੇ ਸਹੀ-ਚੰਗਾ, ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ (ਦੋਹੋਂ ਹੱਥ ਜੋੜਦਾ ਹੈ-ਜਸਬੀਰ ਵੱਲ ਮੁਖਾਤਿਬ ਹੋ ਕੇ) ਅੱਛਾ ਬੇਟਾ, ਤੂੰ ਕਦੇ ਵੀ ਆ ਸਕਦਾ ਹੈ ਪਰ ਆਪਣਾ ਰਿਆਜ਼ ਇਸੇ ਤਰ੍ਹਾਂ ਜਾਰੀ ਰੱਖੀਂ ਤੇਰੇ ਗਲੇ ਵਿਚ ਮਿਠਾਸ ਬੜੀ ਹੈ- ਜੇ ਇਸੇ ਤਰ੍ਹਾਂ ਮਿਹਨਤ ਕਰੇਂਗਾ ਤਾਂ ਬਹੁਤ ਛੇਤੀ ਸਿਖਰਾਂ ਨੂੰ ਛੂਹੇਂਗਾ।

**ਜਸਬੀਰ** : (ਹੱਥ ਜੋੜ ਕੇ) ਤੁਹਾਡਾ ਅਸ਼ੀਰਵਾਦ ਚਾਹੀਦੈ।

**ਗਿਆਨੀ** : ਵਾਹਿਗੁਰੂ-(ਉਹਦੇ ਮੋਢਿਆਂ ਉਤੇ ਹੱਥ

ਰੱਖਦਾ ਹੋਇਆ) ਉਹ ਤਾਂ ਤੇਰੇ ਕਹੇ ਬਗੈਰ ਵੀ ਹੈ-ਅੱਛਾ, ਆਤਮ ਪ੍ਰਕਾਸ਼ ਜੀ-(ਆਤਮ ਪ੍ਰਕਾਸ਼ ਖੜਾ ਹੁੰਦਾ ਹੈ- ਹੱਥ ਜੋੜਦਾ ਹੈ ਅਤੇ ਗਿਆਨੀ ਜੀ ਨਾਲ ਬਾਹਰ ਦਰਵਾਜ਼ੇ ਤੱਕ ਜਾਂਦਾ ਹੈ। ਜਸਬੀਰ ਵੀ ਉਨ੍ਹਾਂ ਦੇ ਪਿਛੇ ਪਿਛੇ ਨਾਲ ਜਾਂਦਾ ਹੈ। ਗਿਆਨੀ ਜੀ ਨੂੰ ਵਿਦਾ ਕਰਕੇ ਦੋਹੇਂ ਵਾਪਿਸ ਕਮਰੇ ਵਿਚ ਆਉਂਦੇ ਹਨ।

**ਆਤਮ ਪ੍ਰਕਾਸ਼** : ਜਸਬੀਰ, ਇਹ ਗਿਆਨੀ ਜੀ ਬਹੁਤ ਪਹੁੰਚੇ ਹੋਏ ਗੁਣੀ ਬੰਦੇ ਨੇ, ਇਹਨਾਂ ਤੋਂ ਵੀ ਸਿੱਖਣ ਦੀ ਕੋਸ਼ਿਸ਼ ਕਰੀਂ। ਇਹ ਚੰਗੀ ਗੱਲ ਹੈ ਕਿ ਹੁਣ ਇਹ ਪਟਿਆਲੇ ਆ ਗਏ ਨੇ। ਇਹ ਤਾਂ ਬਹੁਤ ਘੱਟ ਕਿਸੇ ਨੂੰ ਸਿਖਾਉਣ ਦੀ ਹਾਮੀ ਭਰਦੇ ਨੇ। ਤੇਰੀ ਸੁਰੀਲੀ ਆਵਾਜ਼ ਤੋਂ ਪ੍ਰਭਾਵਿਤ ਹੋ ਕੇ ਹੀ ਇਨ੍ਹਾਂ ਤੈਨੂੰ ਆਪਣਾ ਐਡਰੈਸ ਦਿੱਤਾ ਹੈ। ਹੁਣ ਇਨ੍ਹਾਂ ਦੇ ਲੜ ਲੱਗ ਜਾ। ਮੈਂ ਹੁਣ ਅਗਲੇ ਮਹੀਨੇ ਆਪਣੀ ਬੇਟੀ ਕੋਲ ਇੰਗਲੈਂਡ ਚਲੇ ਜਾਣਾ ਹੈ। ਇਹ ਚੰਗਾ ਹੋਇਆ ਜੋ ਅੱਜ ਗਿਆਨੀ ਜੀ ਨਾਲ ਤੇਰਾ ਮੇਲ ਹੋ ਗਿਆ।

**ਜਸਬੀਰ** : ਗੁਰੂ ਜੀ ਇਹ ਤੁਸੀਂ ਕੀ ਕਹਿ ਰਹੇ ਹੋ! ਤੁਸੀਂ ਅਗਲੇ ਮਹੀਨੇ ਇੰਗਲੈਂਡ ਜਾ ਰਹੇ ਹੋ?

**ਆਤਮ ਪ੍ਰਕਾਸ਼** : ਹਾਂ ਭਾਈ, ਹੁਣ ਜਾਣਾ ਹੀ ਪਏਗਾ। ਤੇਰੀ ਆਂਟੀ ਦੇ ਗੁਜ਼ਰਨ ਤੋਂ ਬਾਅਦ ਹੁਣ ਘਰ ਵਿਚ ਮੇਰਾ ਹੋਰ ਤਾਂ ਕੋਈ ਹੈ ਨਹੀਂ, ਬੇਟੀ ਪੂਨਮ ਦਾ ਕੱਲ ਵੀ ਖੱਤ ਆਇਆ ਸੀ ਕਿ ਪਾਪਾ ਤੁਸੀਂ ਤਿਆਰੀ ਕਰੋ। ਤੁਹਾਡੀ ਟਿਕਟ ਅਤੇ ਵੀਜ਼ੇ ਦਾ ਪ੍ਰਬੰਧ ਹੋ ਗਿਆ। ਮੈਂ ਵੀ ਸੋਚਦਾਂ ਹੁਣ ਜ਼ਰਾ ਬਾਹਰਲੇ ਮੁਲਕ ਦੀ ਸੈਰ ਵੀ ਕਰ ਵੇਖਾਂ, ਪੂਨਮ ਨੇ ਤਾਂ ਇਹ ਵੀ ਲਿਖਿਆ ਕਿ ਉਥੇ ਮੇਰੇ ਵਾਸਤੇ ਸੰਗੀਤ ਵਿਦਿਆਲਾ ਵੀ ਖੋਲ੍ਹ ਦੇਣਗੇ- ਹੁਣ ਵੇਖੋ।

**ਜਸਬੀਰ** : ਗੁਰੂ ਜੀ, ਇਹ ਤੁਸੀਂ ਕਿਵੇਂ ਫੈਸਲਾ ਕਰ ਲਿਆ? ਮੈਂ ਤਾਂ ਤੁਹਾਡੇ ਸਹਾਰੇ ਹੀ ਸੰਗੀਤ ਜਗਤ ਵਿਚ ਕੁਝ ਕਰਨ ਦਾ ਮਨ ਬਣਾਇਆ ਹੋਇਆ ਸੀ, ਜੇ ਤੁਸੀਂ ਚਲੇ ਗਏ ਤਾਂ ਮੇਰਾ ਕੀ ਬਣੇਗਾ?

**ਆਤਮ ਪ੍ਰਕਾਸ਼** : ਓ ਝੱਲਿਆ! ਏਥੇ ਕਿਸੇ ਦਾ ਕੀ ਬਣਨਾ ਹੈ ਤੇ ਕੀ ਸੰਵਰਨਾ ਹੈ? ਇਹ ਤਾਂ ਸਭ ਉਸ ਉੱਪਰ ਵਾਲੇ ਦੇ ਹੱਥ ਹੈ। ਇਕ ਦਰ ਬੰਦ ਹੁੰਦਾ ਹੈ ਤਾਂ ਅੱਗੇ ਦੂਜਾ ਦਰ ਖੁੱਲ੍ਹ ਜਾਂਦਾ ਹੈ ਅਤੇ ਤੈਨੂੰ ਤਾਂ ਹੁਣ ਚਿੰਤਾ ਕਰਨ ਦੀ ਲੋੜ ਹੀ ਨਹੀਂ, ਕਿਉਂਕਿ ਗਿਆਨੀ ਜੀ ਵਰਗੇ ਮਹਾਨ ਸੰਗੀਤਕਾਰ ਨਾਲ ਤੇਰਾ ਮੇਲ ਹੋ ਗਿਆ, ਸ਼ਾਇਦ ਕੁਦਰਤ ਨੂੰ ਇਹੀ ਮਨਜ਼ੂਰ ਹੋਵੇ। ਹਰ ਇਨਸਾਨ ਲਈ ਉਸ ਕੁਦਰਤ ਦੇ ਕਾਰਖਾਨੇ ਵਿਚ ਕੁਝ ਨਾ ਕੁਝ ਪਿਆ ਹੈ। ਉਸ ਤੱਕ ਕਿਵੇਂ ਪਹੁੰਚਣਾ ਹੈ? ਇਸ ਦਾ ਪ੍ਰਬੰਧ ਵੀ ਕੁਦਰਤ ਆਪ ਹੀ ਕਰਦੀ ਹੈ। ਹੁਣ ਵੇਖ ਕੱਲ ਹੀ ਜਦ ਪੂਨਮ ਦਾ ਖਤ ਆਇਆ ਤਾਂ ਮੈਂ ਵਿਦੇਸ਼ ਜਾਣ ਦਾ ਮਨ ਬਣਾ ਲਿਆ। ਅੱਜ ਸਬੱਬ ਨਾਲ ਗਿਆਨੀ ਜੀ ਮੇਰੇ ਕੋਲ ਆ ਗਏ। ਭਾਵੇਂ ਪਟਿਆਲੇ ਆਇਆ ਇਹਨਾਂ ਨੂੰ ਮਹੀਨੇ ਤੋਂ ਉਪਰ ਦਾ ਸਮਾ ਹੋ ਗਿਆ ਹੈ। ਪਰ ਅੱਜ ਉਸ ਸਮੇਂ ਆਏ ਜਦੋਂ ਤੂੰ ਮੇਰੇ ਨਾਲ ਰਿਆਜ਼ ਕਰ ਰਿਹਾ ਸੀ। ਤੈਨੂੰ ਗਾਉਂਦਿਆਂ ਸੁਣ ਕੇ ਉਨ੍ਹਾਂ ਨੂੰ ਤੇਰਾ ਗਾਉਣਾ ਪਸੰਦ ਆਇਆ ਅਤੇ ਗੱਲਾਂ ਗੱਲਾਂ ਵਿਚ ਹੀ ਤੈਨੂੰ ਸਿਖਾਉਣ ਦੀ ਉਨ੍ਹਾਂ ਨੇ ਹਾਮੀ ਵੀ ਭਰ ਲਈ-ਇਹ ਸਭ ਉਸ ਉਪਰ ਵਾਲੇ ਦੀ ਲੀਲਾ ਹੀ ਤਾਂ ਹੈ, ਹੋ ਸਕਦੈ ਗਿਆਨੀ ਜੀ ਦੇ ਸੰਪਰਕ ਵਿਚ ਤੈਨੂੰ ਅਜਿਹੀਆਂ ਗੱਲਾਂ ਦਾ ਪਤਾ ਲੱਗ ਜਾਵੇ ਜੋ ਮੇਰੇ ਕੋਲੋਂ ਤੈਨੂੰ ਨਹੀਂ ਮਿਲ ਸਕੀਆਂ। ਗੁਰਮਤਿ ਸੰਗੀਤ ਤੇ ਗੁਰਬਾਨੀ ਦੀ ਉੱਚੀ ਸੁੱਚੀ ਆਤਮਾ ਨਾਲ ਜੁੜੇ ਵਿਅਕਤੀ ਦਾ ਸਾਥ ਤੇਰੇ ਲਈ ਵਰਦਾਨ ਸਾਬਿਤ ਹੋਵੇਗਾ।

**ਜਸਬੀਰ** : ਪਰ ਗੁਰੂ ਜੀ...!

**ਆਤਮ ਪ੍ਰਕਾਸ਼** : ਇਹ ਪਰ-ਵਰ ਹੁਣ ਤੂੰ ਛੱਡ ਅਤੇ ਘਰ ਜਾ, ਮੈਂ ਵੀ ਹੁਣ ਅਰਾਮ ਕਰਨਾ ਹੈ।

**ਜਸਬੀਰ** : ਚੰਗਾ ਗੁਰੂ ਜੀ, (ਉਸ ਦੇ ਪੈਰੀਂ ਹੱਥ ਲਾ ਕੇ ਉੱਠਦਾ ਹੈ) ਗੁਰੂ ਜੀ ਕੱਲ ਮੈਂ ਇਸੇ ਟਾਈਮ ਆ ਜਾਵਾਂ?

**ਆਤਮ ਪ੍ਰਕਾਸ਼** : ਹਾਂ, ਆ ਜਾਵੀਂ।

**ਜਸਬੀਰ** : ਅੱਛਾ ਜੀ (ਕਹਿ ਕੇ ਉਹ ਦਰਵਾਜਿਓਂ ਬਾਹਰ ਨਿਕਲ ਜਾਂਦਾ ਹੈ।)

***(ਦ੍ਰਿਸ਼ ਤੀਜਾ)***

(ਸ਼ਾਮ ਦਾ ਵੇਲਾ ਹੈ। ਮਾਡਲ ਟਾਊਨ ਦੇ ਇਲਾਕੇ ਵਿਚ ਜਸਬੀਰ ਕੋਠੀਆਂ ਦੇ ਨੰਬਰ ਵੇਖਦਾ ਹੋਇਆ ਇਕ ਕੋਠੀ ਅੱਗੇ ਖੜ੍ਹ ਜਾਂਦਾ ਹੈ। ਇਕ ਕੋਠੀ ਦੇ ਉਪਰ ਐਫ-੩੬ ਲਿਖਿਆ ਹੋਇਆ ਹੈ ਅਤੇ ਇਕ ਪਾਸੇ ਨੇਮ ਪਲੇਟ ਉੱਤੇ ਗਿਆਨੀ ਪੂਰਨ ਸਿੰਘ ਵੀ ਲਿਖਿਆ ਹੋਇਆ ਹੈ। ਉਹ ਉਸ ਕੋਠੀ ਦੇ ਸਾਹਮਣੇ ਖੜ੍ਹ ਜਾਂਦਾ ਹੈ ਅਤੇ ਕਾਲ ਬੈਲ ਦਾ ਬਟਨ ਦੱਬਦਾ ਹੈ। ਥੋੜੀ ਦੇਰ ਉਡੀਕ ਕਰਨ ਬਾਅਦ ਸੁਰਪ੍ਰੀਤ ਬਾਹਰ ਆਉਂਦੀ ਹੈ। ਜਸਬੀਰ ਉਸ ਨੂੰ ਸਤਿ ਸ੍ਰੀ ਅਕਾਲ ਬੁਲਾਉਂਦਾ ਹੈ ਅਤੇ ਪੁੱਛਦਾ ਹੈ।)

**ਜਸਬੀਰ** : ਗਿਆਨੀ ਜੀ ਘਰ ਹੈਗੇ ਨੇ?

**ਸੁਰਪ੍ਰੀਤ** : ਹਾਂ, ਤੁਸੀਂ ਕੌਣ?

**ਜਸਬੀਰ** : ਮੈਂ ਜਸਬੀਰ ਹਾਂ ਸਵੇਰੇ ਮੈਂ ਟੈਲੀਫੋਨ ਵੀ

ਕੀਤਾ ਸੀ।

**ਸੁਰਪ੍ਰੀਤ** : ਓਹ! ਅੱਛਾ ਤੁਸੀਂ, ਪੰਡਿਤ ਆਤਮ ਪ੍ਰਕਾਸ਼ ਜੀ ਤੋਂ ਸੰਗੀਤ ਸਿੱਖਦੇ ਹੋ। ਤੁਹਾਡੇ ਬਾਰੇ ਤਾਂ ਬਾਪੂ ਜੀ ਨੇ ਵੀ ਦੱਸਿਆ ਸੀ ਕਿ ਤੁਸੀਂ ਬਹੁਤ ਚੰਗਾ ਗਾਉਂਦੇ ਹੋ।

(ਜਸਬੀਰ ਕੁਝ ਸ਼ਰਮਸਾਰ ਜਿਹਾ ਹੋ ਕੇ)

**ਜਸਬੀਰ** : ਨਹੀਂ, ਅਜਿਹੀ ਤਾਂ ਕੋਈ ਗੱਲ ਨਹੀਂ।

**ਸੁਰਪ੍ਰੀਤ** : (ਉਸ ਨੂੰ ਖੜਿਆਂ ਵੇਖ ਕੇ) ਤੁਸੀਂ ਬਾਹਰ ਕਿਉਂ ਖੜੇ ਹੋ? ਆਓ ਅੰਦਰ ਲੰਘ ਆਓ ਬਾਪੂ ਜੀ ਅੰਦਰ ਹੀ ਨੇ। ਤੁਸੀਂ ਬੈਠੋ ਮੈਂ ਉਨ੍ਹਾਂ ਨੂੰ ਬੁਲਾਉਂਦੀ ਹਾਂ।

***(ਦ੍ਰਿਸ਼ ਚੌਥਾ)***

(ਜਸਬੀਰ ਅੰਦਰ ਕਮਰੇ ਵਿਚ ਦਾਖਲ ਹੁੰਦਾ ਹੈ। ਕਮਰੇ ਦੀ ਦੀਵਾਰ ਉੱਤੇ ਹਰਿਮੰਦਰ ਸਾਹਿਬ ਦੀ ਵੱਡੀ ਸਾਰੀ ਤਸਵੀਰ ਟੰਗੀ ਹੋਈ ਹੈ। ਇਕ ਪਾਸੇ ਟੇਬਲ ਉੱਤੇ ਹਰਮੋਨੀਅਮ ਪਿਆ ਹੈ ਤੇ ਉਸ ਦੇ ਨਾਲ ਕਰਕੇ ਤਬਲਾ ਅਤੇ ਦੀਵਾਰ ਦੇ ਨਾਲ ਹੀ ਤਾਨਪੁਰਾ ਵੀ ਪਿਆ ਹੈ। ਦੂਜੇ ਪਾਸੇ ਇਕ ਆਸਨ ਜਿਹਾ ਹੋਇਆ ਹੈ। ਜਿਸ ਤੋਂ ਜਾਪਦਾ ਹੈ ਕਿ ਗਿਆਨੀ ਜੀ ਇੱਥੇ ਬੈਠ ਕੇ ਰਿਆਜ਼ ਕਰਦੇ ਨੇ। ਜਸਬੀਰ ਇੱਧਰ-ਉੱਧਰ ਕਮਰੇ ਦੀਆਂ ਦੀਵਾਰਾਂ ਵੱਲ ਵੇਖਦਾ ਹੈ ਕਿ ਇੰਨੇ ਨੂੰ ਗਿਆਨੀ ਜੀ ਵਿਚਲੇ ਦਰਵਾਜੇ ਰਾਹੀਂ ਅੰਦਰ ਆਉਂਦੇ ਹਨ। ਜਸਬੀਰ ਉਨ੍ਹਾਂ ਨੂੰ ਵੇਖਦਿਆਂ ਸਾਰ ਹੀ ਇਕ ਦਮ ਕੁਰਸੀ ਤੋਂ ਉਠਦਾ ਹੈ ਅਤੇ ਗਿਆਨੀ ਜੀ ਦੇ ਪੈਰੀਂ ਹੱਥ ਲਾਉਂਦਾ ਹੈ। ਗਿਆਨੀ ਜੀ 'ਵਾਹਿਗੁਰੂ', 'ਵਾਹਿਗੁਰੂ' ਕਹਿ ਕੇ ਉਸ ਦੇ ਸਿਰ ਉੱਤੇ ਹੱਥ ਰੱਖਦੇ ਨੇ।)

**ਗਿਆਨੀ ਜੀ** : ਘਰ ਲੱਭਣ ਵਿਚ ਦਿੱਕਤ ਤਾਂ ਨਹੀਂ ਹੋਈ, ਬੇਟਾ?

**ਜਸਬੀਰ** : ਬਿਲਕੁਲ ਨਹੀਂ ਜੀ...ਏਧਰ ਤਾਂ ਮੈਂ ਪਹਿਲਾਂ ਵੀ ਕਈ ਵਾਰੀ ਆ ਚੁੱਕਾ ਹਾਂ... ਏਥੇ ਨਾਲ ਹੀ ਸਾਡੇ ਪ੍ਰੋਫੈਸਰ ਧਰਮ ਸਿੰਘ ਵੀ ਰਹਿੰਦੇ ਨੇ।

**ਗਿਆਨੀ** : ਹਾਂ-ਹਾਂ, ਪ੍ਰੋ. ਧਰਮ ਸਿੰਘ ਜੋ ਹੁਣ ਰਿਟਾਇਰ ਹੋ ਚੁੱਕੇ ਨੇ।

**ਜਸਬੀਰ** : ਹਾਂ ਜੀ, ਮੈਂ ਜਦੋਂ ਕਾਲਜ ਵਿਚ ਪੜ੍ਹਦਾ ਸਾਂ ਤਾਂ ਅਕਸਰ ਉਨ੍ਹਾਂ ਕੋਲ ਆਉਂਦਾ ਰਹਿੰਦਾ ਸਾਂ। ਤੁਸੀਂ ਵੀ ਏਥੇ ਹੀ ਰਹਿੰਦੇ ਹੋ, ਇਸ ਗੱਲ ਦਾ ਤਾਂ ਮੈਨੂੰ ਅੱਜ ਹੀ ਪਤਾ ਲੱਗਾ ਏ।

**ਗਿਆਨੀ ਜੀ** : ਪਰ ਅਸੀਂ ਤਾਂ ਪਿਛਲੇ ਤਿੰਨ ਮਹੀਨਿਆਂ ਤੋਂ ਇਥੇ ਆ ਕੇ ਰਹਿਣ ਲੱਗੇ ਹਾਂ। ਪਹਿਲੇ ਤਾਂ ਅਸੀਂ ਅੰਮ੍ਰਿਤਸਰ ਹੀ ਸਾਂ। ਅੱਛਾ ਹੁਣ ਇਹ ਦੱਸੋ ਬਈ ਪੰਡਿਤ ਆਤਮ ਪ੍ਰਕਾਸ਼ ਜੀ ਕੋਲ ਰੋਜ਼ ਜਾਂਦੇ ਹੋ ਜਾਂ ਨਹੀਂ।

**ਜਸਬੀਰ** : ਉਹ ਤਾਂ ਜੀ ਇੰਗਲੈਂਡ ਚਲੇ ਗਏ ਨੇ।

**ਗਿਆਨੀ ਜੀ** : ਇੰਗਲੈਂਡ ਚਲੇ ਗਏ ਨੇ! ਹਾਂ, ਇਕ ਦਿਨ ਕਹਿ ਤਾਂ ਰਹੇ ਸਨ ਕਿ ਆਪਣੀ ਬੇਟੀ ਕੋਲ ਜਾਣਾ ਹੈ, ਏਨੀ ਛੇਤੀ ਫੇਰ ਚਲੇ ਵੀ ਗਏ?

**ਜਸਬੀਰ** : ਹਾਂ ਜੀ, ਉਨ੍ਹਾਂ ਦਾ ਵੀਜ਼ਾ ਲੱਗ ਗਿਆ ਸੀ ਅਤੇ ਦਿੱਲੀਓਂ ਕੋਈ ਉਨ੍ਹਾਂ ਦਾ ਰਿਸ਼ਤੇਦਾਰ ਵੀ ਆਇਆ ਸੀ ਜਿਸ ਨੇ ਉਨ੍ਹਾਂ ਨੂੰ ਜਹਾਜ਼ ਚੜ੍ਹਾਉਣਾ ਸੀ, ਬੱਸ ਉਸੇ ਨਾਲ ਹੀ ਤੁਰ ਪਏ।

**ਗਿਆਨੀ ਜੀ** : ਵਾਹਿਗੁਰੂ ਉਨ੍ਹਾਂ ਦੇ ਅੰਗ ਸੰਗ ਸਹਾਈ ਹੋਵੇਂ, ਬਹੁਤ ਹੀ ਨੇਕ ਬੰਦੇ ਨੇ (ਗਿਆਨੀ ਜੀ ਦੀ ਬੇਟੀ ਸੁਰਪ੍ਰੀਤ ਵੀ ਕੋਲ ਹੀ ਬੈਠੀ ਹੈ, ਉਸ ਵੱਲ ਮੁਖਾਤਿਬ ਹੋ ਕੇ ਗਿਆਨੀ ਜੀ ਕਹਿੰਦੇ ਹਨ) ਬੇਟਾ ਸੁਰਪ੍ਰੀਤ, ਜਸਬੀਰ ਲਈ ਕੋਈ ਚਾਹ-ਪਾਣੀ ਲੈ ਕੇ ਆ।

**ਸੁਰਪ੍ਰੀਤ** : ਅੱਛਾ ਬਾਪੂ ਜੀ (ਕਹਿ ਕੇ ਉਠਦੀ ਹੈ)

**ਗਿਆਨੀ ਜੀ** : (ਜਸਬੀਰ ਨੂੰ) ਇਹ ਮੇਰੀ ਪੁੱਤਰੀ ਸੁਰਪ੍ਰੀਤ ਹੈ। ਸੰਗੀਤ ਦੀ ਐਮ. ਏ. ਕਰ ਰਹੀ ਹੈ।

**ਜਸਬੀਰ** : (ਉਸ ਵੱਲ ਵੇਖਦਾ ਹੈ) ਫੇਰ ਤਾਂ ਇਹ ਵੀ ਬਹੁਤ ਵਧੀਆ ਗਾਉਂਦੇ ਹੋਣਗੇ।

**ਸੁਰਪ੍ਰੀਤ** : (ਹੱਸਦਿਆਂ) ਵਧੀਆ ਤਾਂ ਤੁਸੀਂ ਗਾਉਂਦੇ ਹੋ, ਬਾਪੂ ਜੀ ਤਾਂ ਤੁਹਾਡੀ ਬਹੁਤ ਤਾਰੀਫ ਕਰ ਰਹੇ ਸਨ।

**ਜਸਬੀਰ** : ਇਹ ਤਾਂ ਇਹਨਾਂ ਦਾ ਅਸ਼ੀਰਵਾਦ ਹੈ।

**ਗਿਆਨੀ ਜੀ** : ਵਾਹਿਗੁਰੂ, ਵਾਹਿਗੁਰੂ (ਸੁਰਪ੍ਰੀਤ ਉੱਠ ਕੇ ਪਾਣੀ ਦਾ ਗਿਲਾਸ ਲਿਆ ਕੇ ਰੱਖਦੀ ਹੈ-ਜਸਬੀਰ ਪਾਣੀ ਪੀਂਦਾ ਹੈ।)

**ਸੁਰਪ੍ਰੀਤ** : ਹੋਰ ਲਉਗੇ?

**ਜਸਬੀਰ** : ਬਸ ਜੀ।

**ਗਿਆਨੀ ਜੀ** : ਜਸਬੀਰ ਜੀ, ਤੁਸੀਂ ਇਹ ਦੱਸੋ ਕਿ ਹੁਣ ਤੱਕ ਕਿਹੜੇ ਕਿਹੜੇ ਰਾਗ ਕੀਤੇ ਨੇ?

**ਜਸਬੀਰ** : ਕੋਈ ਏਨੇ ਜ਼ਿਆਦਾ ਤਾਂ ਨਹੀਂ ਕੀਤੇ, ਪਰ ਜਿਹੜੇ ਗੁਰੂ ਜੀ ਨੇ ਕਰਵਾਏ ਨੇ, ਉਨ੍ਹਾਂ ਵਿਚੋਂ ਯਮਨ, ਭੈਰਵ, ਭੈਰਵੀ, ਭੀਮ ਪਲਾਸੀ, ਦੁਰਗਾ, ਮਾਲਕੌਂਸ ਤੇ ਬਾਗੇਸ਼ਵਰੀ ਆਦਿ ਵਿਸ਼ੇਸ਼ ਹਨ।

**ਗਿਆਨੀ ਜੀ** : ਵਾਹਿਗੁਰੂ, ਵਾਹਿਗੁਰੂ -ਅੱਛਾ ਏਨਾ ਰਾਗਾਂ ਵਿਚ ਕੋਈ ਸ਼ਬਦ ਵੀ ਕੀਤਾ ਹੈ ਜਾਂ ਨਹੀਂ?

**ਜਸਬੀਰ** : ਨਹੀਂ ਜੀ, ਸ਼ਬਦ ਤਾਂ ਅਜੇ ਕੋਈ ਨਹੀ

ਕੀਤਾ ਇਸੇ ਲਈ ਤਾਂ ਤੁਹਾਡੀ ਸ਼ਰਨ ਵਿਚ ਆਇਆ ਹਾਂ।

**ਗਿਆਨੀ ਜੀ** : ਵਾਹਿਗੁਰੂ, ਵਾਹਿਗੁਰੂ। ਤੂੰ ਤਾਂ ਅੱਗੇ ਹੀ ਬੜੇ ਗੁਣੀ ਬੰਦੇ ਦੀ ਸੰਗਤ ਵਿਚ ਰਿਹਾ ਹੈਂ। ਇਸ ਲਈ ਮੈਂ ਤੈਨੂੰ ਕੀ ਸਿਖਾਵਾਂਗਾ-ਹਾਂ, ਗੁਰਮਤਿ ਸੰਗੀਤ ਦਾ ਜਿੰਨਾ ਕੁ ਤੁਛ ਗਿਆਨ ਮੇਰੇ ਕੋਲ ਹੈ, ਉਸ ਦੀ ਸੇਵਾ ਮੈਂ ਜ਼ਰੂਰ ਕਰ ਦੇਵਾਂਗਾ, ਤੁਸੀਂ ਰਾਗ ਯਮਨ ਤਾਂ ਕੀਤਾ ਹੋਇਐ ਨਾ?

**ਜਸਬੀਰ** : ਹਾਂ ਜੀ।

**ਗਿਆਨੀ ਜੀ** : ਇਸ ਯਮਨ ਰਾਗ ਨੂੰ ਕਲਿਆਣ ਵੀ ਕਿਹਾ ਜਾਂਦਾ ਹੈ। ਇਹ ਤਾਂ ਤੈਨੂੰ ਪਤਾ ਹੀ ਹੋਏਗਾ।

**ਜਸਬੀਰ** : ਹਾਂ ਜੀ, ਕਲਿਆਣ ਥਾਟ ਵਿਚੋਂ ਹੀ ਯਮਨ ਉਪਜਿਆ ਹੈ। ਏਸੇ ਦਾ ਹੀ ਆਸ਼ਰਯ ਰਾਗ ਹੈ।

**ਗਿਆਨੀ ਜੀ** : ਬਿਲਕੁਲ ਠੀਕ। ਏਸ ਕਲਿਆਣ ਰਾਗ ਦਾ ਨਾਂ ਹੀ ਯਮਨ ਪ੍ਰਚੱਲਿਤ ਹੋਇਆ ਹੈ, ਪਰ ਗੁਰੂ ਗ੍ਰੰਥ ਸਾਹਿਬ ਵਿਚ ਇਸ ਨੂੰ ਕਲਿਆਣ ਹੀ ਕਿਹਾ ਗਿਆ ਹੈ। ਕੁਝ ਲੋਕ ਰਾਗ ਕਲਿਆਣ ਵਿਚ ਸ਼ੁੱਧ ਮਧਿਅਮ ਦਾ ਵੀ ਅਲਪ ਪ੍ਰਯੋਗ ਕਰਦੇ ਹਨ। ਅੱਜ ਅਸੀਂ ਰਾਗ ਕਲਿਆਣ ਵਿਚ ਹੀ ਇਕ ਸ਼ਬਦ ਕਰਾਂਗੇ। ਸ਼ਾਮ ਦਾ ਵੇਲਾ ਹੈ ਅਤੇ ਇਹ ਵੇਲਾ ਵੀ ਇਸੇ ਰਾਗ ਦਾ ਹੀ ਹੈ। ਸੋ ਕਿਉਂ ਨਾ ਇਸੇ ਤੋਂ ਹੀ ਸ਼ੁਰੂਆਤ ਕੀਤੀ ਜਾਵੇ?

**ਜਸਬੀਰ** : ਬਹੁਤ ਅੱਛਾ ਜੀ, ਜਿਵੇਂ ਤੁਹਾਡੀ ਮਰਜੀ।

**ਗਿਆਨੀ ਜੀ** : (ਆਪਣੇ ਆਸਣ ਉੱਤੇ ਬੈਠਦਾ ਹੈ। ਜਸਬੀਰ ਵੀ ਉਸ ਦੇ ਸਾਹਮਣੇ ਚੌਂਕੜੀ ਮਾਰ ਕੇ ਬੈਠ ਜਾਂਦਾ ਹੈ। ਗਿਆਨੀ ਜੀ ਸੁਰਪ੍ਰੀਤ ਵੱਲ ਮੁਖ਼ਾਤਿਬ ਹੋ ਕੇ) ਬੇਟਾ ਉਹ ਹਰਮੋਨੀਅਮ ਇੱਥੇ ਲਿਆ ਕੇ ਰੱਖ ਦੇ।

(ਸੁਰਪ੍ਰੀਤ ਤੋਂ ਪਹਿਲਾਂ ਹੀ ਜਸਬੀਰ ਉੱਠਦਾ ਹੈ)

**ਜਸਬੀਰ** : (ਇਕ ਦਮ ਉਠ ਕੇ) ਮੈਂ ਚੁੱਕ ਲਿਆਉਂਦਾ ਹਾਂ ਜੀ, (ਉਹ ਝੱਟ ਸਾਹਮਣੇ ਪਿਆ ਹਰਮੋਨੀਅਮ ਚੁੱਕ ਕੇ ਲੈ ਆਉਂਦਾ ਹੈ ਅਤੇ ਗਿਆਨੀ ਜੀ ਦੇ ਸਾਹਮਣੇ ਰੱਖਦਾ ਹੈ। ਗਿਆਨੀ ਜੀ ਉਸ ਦਾ ਕਵਰ ਹਟਾ ਕੇ ਜਸਬੀਰ ਨੂੰ 'ਸ, ਪ' ਦੱਬਣ ਲਈ ਕਹਿੰਦੇ ਹਨ।)

**ਗਿਆਨੀ ਜੀ** : ਜਸਬੀਰ, ਗੁਰੂ ਗ੍ਰੰਥ ਸਾਹਿਬ ਵਿਚ ਇਕੱਤੀ ਮੁੱਖ ਰਾਗ ਹਨ, ਜਿਨ੍ਹਾਂ ਵਿਚੋਂ ਕਲਿਆਣ ਰਾਗ ਦਾ ਸਥਾਨ ਉੱਨਤੀਵਾਂ ਹੈ। ਇਸ ਰਾਗ ਵਿਚ ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਨੇ ਬਾਣੀ ਉਚਾਰੀ ਹੈ। (ਜਸਬੀਰ ਆਪਣੀ ਕਾਪੀ ਉੱਤੇ ਨੋਟ ਕਰਦਾ ਹੈ) ਅੱਜ ਅਸੀਂ ਏਸੇ ਰਾਗ ਵਿਚ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਇਕ ਸ਼ਬਦ ਕਰਾਂਗੇ ਸ਼ਬਦ ਤੁਸੀਂ ਆਪਣੀ ਕਾਪੀ ਵਿਚ ਨੋਟ ਕਰ ਲਓ-ਸ਼ਬਦ,

*"ਪ੍ਰਭ ਮੇਰਾ ਅੰਤਰਜਾਮੀ ਜਾਣ,*
*ਕਰ ਕਿਰਪਾ ਪੂਰਨ ਪਰਮੇਸ਼ਰ*
*ਨਿਹਚਲ ਸਚ ਸਬਦ ਨੀਸਾਣੁ"*

ਜਸਬੀਰ ਜੀ ਇਕ ਗੱਲ ਹੋਰ ਨੋਟ ਕਰੋ ਕਿ ਗੁਰਮਤਿ ਸੰਗੀਤ ਵਿਚ ਜਿਸ ਸ਼ਬਦ ਦਾ ਗਾਇਨ ਕਰਨਾ ਹੋਵੇ, ਉਸ ਸ਼ਬਦ ਦੇ 'ਰਹਾਉ' ਦੀ ਤੁਕ ਨੂੰ ਸਥਾਈ ਮੰਨਿਆ ਜਾਂਦਾ ਹੈ। ਬਾਕੀ ਅੰਤਰੇ ਹੁੰਦੇ ਹਨ। ਏਸ ਸ਼ਬਦ ਦੇ ਸ਼ੁਰੂ ਵਿਚ ਹੀ ਇਸ ਦਾ ਰਹਾਉ ਹੈ ਸੋ ਇਸ ਨੂੰ ਅਸੀਂ ਸਥਾਈ ਮੰਨ ਕੇ ਚੱਲਾਂਗੇ-ਹਾਂ, ਹਰਮੋਨੀਅਮ ਦੇ ਦੋ ਸੁਰ ਦੱਬੋ "ਸ, ਪ" (ਜਸਬੀਰ ਹਰਮੋਨੀਅਮ ਦੇ ਸੁਰ ਦੱਬਦਾ ਹੈ।)

**ਗਿਆਨੀ ਜੀ** : "ਨ਼ੀ ਰੇ ਗ ਮੇ ਧ ਨੀ ਸਂ। ਸਂ ਨੀ ਧ ਪ ਮ ਗ ਰੇ ਸ" (ਗਿਆਨੀ ਜੀ ਰਾਗ ਦਾ ਆਰੋਹ ਤੇ ਅਵਰੋਹ ਗਾਉਂਦੇ ਹਨ- ਜਸਬੀਰ ਵੀ ਉਹਨਾਂ ਦੇ ਪਿੱਛੇ-ਪਿੱਛੇ ਸੁਰ ਲਗਾਉਂਦਾ ਹੈ, ਫੇਰ ਗਿਆਨੀ ਜੀ ਰਾਗ ਦਾ ਅਲਾਪ ਕਰਦੇ ਹਨ। ਜਸਬੀਰ ਵੀ ਆਲਾਪ ਕਰਦਾ ਹੈ ਤੇ ਇਸ ਤੋਂ ਬਾਅਦ ਗਿਆਨੀ ਜੀ ਸ਼ਬਦ ਗਾਇਨ ਸ਼ੁਰੂ ਕਰਦੇ ਹਨ। "ਪ੍ਰਭ ਮੇਰਾ ਅੰਤਰਜਾਮੀ" ਕੋਲ ਸੁਰਪ੍ਰੀਤ ਵੀ ਬੈਠੀ ਹੈ, ਜੋ ਥੋੜ੍ਹੀ ਦੇਰ ਬਾਅਦ ਉਨ੍ਹਾਂ ਨਾਲ ਹੀ ਗਾਉਣ ਲੱਗਦੀ ਹੈ। ਗਿਆਨੀ ਜੀ ਅੱਖਾਂ ਬੰਦ ਕਰਕੇ ਸ਼ਬਦ ਗਾਇਨ ਦੇ ਰਸ ਵਿਚ ਮਗਨ ਹਨ। ਜਸਬੀਰ ਨੂੰ ਵੀ ਬੜਾ ਅਨੰਦ ਆ ਰਿਹਾ ਹੈ। ਕਿਤੇ ਕਿਤੇ ਜਸਬੀਰ ਦੇ ਸੁਰ ਲਗਾਓ ਉੱਤੇ ਗਿਆਨੀ ਜੀ ਆਪ-ਮੁਹਾਰੇ 'ਵਾਹਿਗੁਰੂ-ਵਾਹਿਗੁਰੂ' ਕਹਿ ਉੱਠਦੇ ਹਨ ਥੋੜ੍ਹੀ ਦੇਰ ਬਾਅਦ ਗਿਆਨੀ ਜੀ ਸ਼ਬਦ ਦਾ ਅੰਤਰਾ ਗਾਉਣਾ ਸ਼ੁਰੂ ਕਰਦੇ ਹਨ, *"ਹਰ ਬਿਨ ਆਨ ਨਾ ਕੋਈ ਸਮਰਥ"*। ਜਸਬੀਰ ਇਕ ਦਮ ਕਾਪੀ ਉੱਤੇ ਨੋਟ ਕਰ ਲੈਂਦਾ ਹੈ ਅਤੇ ਗਿਆਨੀ ਜੀ ਨਾਲ ਗਾਉਣ ਲੱਗਦਾ ਹੈ। ਗਿਆਨੀ ਜੀ ਸ਼ਬਦ ਦੇ ਹੋਰ ਅੰਤਰੇ ਵੀ ਗਾਉਂਦੇ ਹਨ। ਜਦੋਂ ਜਸਬੀਰ ਲਿਖਣ ਲੱਗਦਾ ਹੈ ਤਾਂ ਗਿਆਨੀ ਜੀ ਉਸ ਨੂੰ ਲਿਖਣ ਤੋਂ ਰੋਕਦੇ ਹਨ ਕਿ ਇਹ ਬਾਅਦ ਵਿਚ ਲਿਖ ਲੈਣਾ ਪਹਿਲਾਂ ਗਾਓ- "ਜਸਬੀਰ ਗਾਉਣ ਲੱਗਦਾ ਹੈ- ਕਾਫੀ ਦੇਰ ਗਾਉਣ ਤੋਂ ਬਾਅਦ ਸ਼ਬਦ ਦਾ ਸਮਾਪਨ ਕਰ ਕੇ ਗਿਆਨੀ ਜੀ ਅੱਖਾਂ ਬੰਦ ਕਰਕੇ ਦੋਹੇਂ ਹੱਥ ਜੋੜ ਕੇ ਕਹਿੰਦੇ ਹਨ, "ਸ਼ੁਕਰ ਹੈ ਤੇਰਾ ਮਾਲਿਕ, ਸ਼ੁਕਰ ਹੈ, ਤੂੰ ਸੁਰ ਦੀ ਦਾਤ ਬਖਸ਼ੀ ਹੈ।" (ਜਸਬੀਰ ਵੱਲ ਮੁਖ਼ਾਤਿਬ ਹੋ ਕੇ)

**ਗਿਆਨੀ ਜੀ** : ਜਸਬੀਰ ਜੀ, ਇਹ ਸੁਰ ਦੀ ਬਖਸ਼ਿਸ਼

ਕਿਸੇ ਵਿਰਲੇ ਉੱਤੇ ਹੀ ਹੁੰਦੀ ਹੈ। ਤੂੰ ਭਾਗਾਂ ਵਾਲਾ ਹੈਂ- ਅਕਾਲ ਪੁਰਖ ਨੇ ਤੈਨੂੰ ਸੁਰੀਲੇ ਗਲੇ ਨਾਲ ਨਿਵਾਜ਼ਿਆ ਹੈ। ਹੁਣ ਤੂੰ ਇਸ ਸੁਰੀਲੇ ਵਲੇ ਨਾਲ ਉਸੇ ਮਾਲਕ ਦਾ ਹੀ ਜਸ ਗਾਇਨ ਕਰਨਾ ਹੈ- (ਜਸਬੀਰ ਸ਼ਰਧਾਵਸ ਗਿਆਨੀ ਜੀ ਦੇ ਪੈਰੀਂ ਹੱਥ ਲਾਉਂਦਾ ਹੈ)

**ਜਸਬੀਰ** : ਤੁਹਾਡੀ ਅਗਵਾਈ ਵਿਚ ਹੀ ਇਹ ਸਭ ਕੁਝ ਮੁਮਕਿਨ ਹੋ ਸਕਦੈ। ਸੱਚੀਂ ਅੱਜ ਮੈਨੂੰ ਰਾਗ ਗਾਉਣ ਦਾ ਸਭ ਤੋਂ ਵਧੇਰੇ ਅਨੰਦ ਆਇਆ ਹੈ। ਇਸ ਵਿਚ ਪ੍ਰਭੂ ਦੀ ਬੰਦਗੀ ਵੀ ਸ਼ਾਮਿਲ ਸੀ... ਸ਼ਾਇਦ ਇਸ ਕਰਕੇ...।

**ਗਿਆਨੀ ਜੀ** : ਵਾਹਿਗੁਰੂ, ਵਾਹਿਗੁਰੂ - ਬੇਟਾ ਸੰਗੀਤ ਤਾਂ ਸਾਰਾ ਹੀ ਪ੍ਰਭੂ ਦੀ ਬੰਦਗੀ ਹੈ। ਗੁਰੂ ਸਾਹਿਬਾਨ ਨੇ ਰਾਗ ਰਾਹੀਂ ਹੀ ਪ੍ਰਭੂ ਦਾ ਜਸ ਗਾਇਨ ਕਰਨ ਦੀ ਸਿੱਖਿਆ ਦਿੱਤੀ ਹੈ। ਗੁਰਬਾਣੀ ਵਿਚ ਆਇਆ ਹੈ-

***'ਰਾਗ ਨਾਦੁ ਸਭੁ ਸਚੁ ਹੈ, ਕੀਮਤਿ ਕਹੀ ਨ ਜਾਇ॥***
***ਰਾਗੈ ਨਾਦੈ ਬਾਹਰਾ ਇਨਹੀ ਹੁਕਮੁ ਨ ਬੁਝਿਆ ਜਾਇ॥***

(ਜਸਬੀਰ ਆਪਣੀ ਘੜੀ ਵੱਲ ਵੇਖਦਾ ਹੈ)

**ਜਸਬੀਰ** : ਕੁਵੇਲਾ ਹੋ ਰਿਹੈ -ਮੈਂ ਹੁਣ ਇਜਾਜ਼ਤ ਚਾਹਾਂਗਾ -ਮੈਨੂੰ ਇਹ ਦੱਸੋ ਕਿ ਤੁਹਾਡੇ ਕੋਲ ਫੇਰ ਮੈਂ ਕਦੋਂ ਆਵਾਂ? ਕੀ ਰੋਜ਼ ਇਸੇ ਵੇਲੇ ਆ ਸਕਦਾ ਹਾਂ?

**ਗਿਆਨੀ ਜੀ** : ਰੋਜ਼ ਤਾਂ ਨਹੀਂ ਬੇਟਾ... ਹਾਂ ਤੂੰ ਹਫਤੇ ਵਿਚ ਦੋ ਕੁ ਵਾਰੀ ਆ ਜਾਇਆ ਕਰ, ਜੇ ਸਵੇਰੇ ਅੰਮ੍ਰਿਤ ਵੇਲੇ ਆ ਸਕੇਂ ਤਾਂ ਬਹੁਤ ਹੀ ਚੰਗਾ ਰਹੇਗਾ।

**ਜਸਬੀਰ** : ਠੀਕ ਹੈ ਜੀ, ਮੈਂ ਹਫਤੇ ਵਿਚ ਦੋ ਦਿਨ ਆ ਜਾਇਆ ਕਰਾਂਗਾ- ਇਕ ਦਿਨ ਸਵੇਰੇ ਅੰਮ੍ਰਿਤ ਵੇਲੇ ਤੇ ਇਕ ਦਿਨ ਸ਼ਾਮ ਵੇਲੇ, ਇਸ ਤਰ੍ਹਾਂ ਸਵੇਰੇ ਅਤੇ ਸ਼ਾਮ ਵੇਲੇ ਦੇ ਰਾਗਾਂ ਦਾ ਅਭਿਆਸ ਵੀ ਹੁੰਦਾ ਰਹੇਗਾ।

**ਗਿਆਨੀ ਜੀ** : ਠੀਕ ਹੈ, ਸਾਡੇ ਸ਼ਾਸਤਰੀ ਰਾਗਾਂ ਵਿਚ ਸਮੇਂ ਦੀ ਬੜੀ ਮਹਾਨਤਾ ਹੈ। ਹਰ ਰਾਗ ਲਈ ਇਕ ਖਾਸ ਸਮਾ ਨਿਸ਼ਚਿਤ ਹੈ। ਇਸ ਲਈ ਪੰਜਾਬੀ ਵਿਚ ਇਕ ਕਹਾਵਤ ਬਣੀ ਹੈ ਕਿ ਵੇਲੇ ਦਾ ਰਾਗ ਹੀ ਸ਼ੋਭਦਾ ਹੈ, ਕੁਵੇਲੇ ਦੀਆਂ ਤਾਂ ਟਾਹਰਾਂ ਹੀ ਹੁੰਦੀਆਂ ਨੇ- (ਹੱਸਦਾ ਹੈ)

**ਜਸਬੀਰ** : ਗਿਆਨੀ ਜੀ, ਮੈਨੂੰ ਉਹਨਾ ਦੋ ਦਿਨਾਂ ਬਾਰੇ ਵੀ ਦੱਸ ਦਿਓ ਕਿ ਹਫਤੇ ਦੇ ਕਿਹੜੇ ਦੋ ਦਿਨ ਤੁਹਾਡੇ ਕੋਲ ਆਵਾਂ-

**ਗਿਆਨੀ ਜੀ** : (ਸੋਚਦਾ ਹੋਇਆ)- ਤੁਸੀਂ ਸੋਮਵਾਰ ਸਵੇਰੇ ਅਤੇ ਬੁੱਧਵਾਰ ਸ਼ਾਮ ਨੂੰ ਆ ਜਾਇਆ ਕਰੋ।

**ਜਸਬੀਰ** : ਠੀਕ ਹੈ ਜੀ- (ਏਨੇ ਨੂੰ ਸੁਰਪ੍ਰੀਤ ਚਾਹ ਲੈ ਕੇ ਆਉਂਦੀ ਹੈ)

**ਗਿਆਨੀ ਜੀ** : ਲਵੋ, ਚਾਹ ਛਕੋ।

**ਜਸਬੀਰ** : ਚਾਹ ਦੀ ਤਾਂ ਤੁਸਾਂ ਐਵੇਂ ਖੇਚਲ ਹੀ ਕੀਤੀ।

**ਗਿਆਨੀ ਜੀ** : ਵਾਹਿਗੁਰੂ, ਵਾਹਿਗੁਰੂ, ਖੇਚਲ ਕਾਹਦੀ, ਇਸ ਵੇਲੇ ਅਸੀਂ ਚਾਹ ਪੀਂਦੇ ਹੀ ਹਾਂ- (ਸੁਰਪ੍ਰੀਤ ਕੱਪਾਂ ਵਿਚ ਚਾਹ ਪਾਉਂਦੀ ਹੈ-ਇਕ ਕੱਪ ਜਸਬੀਰ ਨੂੰ ਦਿੰਦੀ ਹੈ ਅਤੇ ਇਕ ਗਿਆਨੀ ਜੀ ਨੂੰ, ਆਪ ਵੀ ਇਕ ਕੱਪ ਚਾਹ ਲੈ ਕੇ ਕੁਰਸੀ ਉੱਤੇ ਬੈਠ ਜਾਂਦੀ ਹੈ। ਚਾਹ ਪੀ ਕੇ ਜਸਬੀਰ ਉੱਠਦਾ ਹੈ।)

**ਜਸਬੀਰ** : ਅੱਛਾ ਜੀ, ਹੁਣ ਮੈਂ ਆਗਿਆ ਚਾਹਵਾਂਗਾ।

(ਦੋਵੇਂ ਹੱਥ ਜੋੜ ਕੇ ਸਤਿ ਸ੍ਰੀ ਅਕਾਲ ਬੁਲਾਉਂਦਾ ਹੈ- ਗਿਆਨੀ ਜੀ ਵੀ ਖੜੇ ਹੋ ਜਾਂਦੇ ਨੇ-ਜਸਬੀਰ ਸੁਰਪ੍ਰੀਤ ਨੂੰ ਵੀ ਸਤਿ ਸ੍ਰੀ ਅਕਾਲ ਬੁਲਾਉਂਦਾ ਹੈ-ਸੁਰਪ੍ਰੀਤ ਵੀ ਉਸ ਦਾ ਜਵਾਬ ਦਿੰਦੀ ਹੈ ਅਤੇ ਉਹ ਕਮਰੇ ਵਿਚੋਂ ਬਾਹਰ ਨਿਕਲ ਜਾਂਦਾ ਹੈ।)

***(ਦ੍ਰਿਸ਼ ਪੰਜਵਾਂ)***

(ਮੋਹਰ ਸਿੰਘ ਆਪਣੇ ਘਰ ਵਿਚ ਗੁੱਸੇ ਹੋਇਆ ਦਾਖਲ ਹੁਦਾ ਹੈ-ਅੰਦਰ ਕਮਰੇ ਵਿਚ ਜਸਬੀਰ ਰਿਆਜ਼ ਕਰ ਰਿਹਾ ਹੈ-ਉਸਦੇ ਰਿਆਜ਼ ਤੋਂ ਖਿਝਦਾ ਹੈ। ਆਪਣੀ ਪਤਨੀ ਨੂੰ ਆਉਂਦਿਆਂ ਹੀ ਕਹਿੰਦਾ ਹੈ-)

**ਮੋਹਰ ਸਿੰਘ** : ਵੇਖਿਆ, ਓਹੋ ਗੱਲ ਹੋ ਗਈ ਨਾ- ਜਿਸ ਦਾ ਡਰ ਸੀ। ਨੌਕਰ ਦੁਕਾਨ ਤੋਂ ਦੱਸ ਹਜ਼ਾਰ ਰੁਪਏ ਲੈ ਕੇ ਫਰਾਰ ਹੋ ਗਿਆ...!

**ਜਸਵੰਤ** : ਦੱਸ ਹਜ਼ਾਰ ਰੁਪਏ ਲੈ ਕੇ ਫਰਾਰ ਹੋ ਗਿਆ! ਹੈਂ! ਉਹ ਕਿਵੇਂ? (ਹੈਰਾਨੀ ਜ਼ਾਹਿਰ ਕਰਦੀ ਹੈ)

**ਮੋਹਰ ਸਿੰਘ** : ਘਿਓ ਦੇ ਵਪਾਰੀ ਨੂੰ ਪੈਸੇ ਦੇਣ ਲਈ ਕੱਲ ਮੈਂ ਦੱਸ ਹਜ਼ਾਰ ਰੁਪਏ ਬੈਂਕ ਵਿਚੋਂ ਕਢਵਾਏ ਸਨ। ਵਪਾਰੀ ਨੇ ਪੈਸੇ ਲੈਣ ਆਉਣਾ ਸੀ, ਪਰ ਕਿਸੀ ਵਜ੍ਹਾ ਕਰਕੇ ਨਹੀਂ ਆਇਆ ਤਾਂ ਮੈਂ ਉਹ ਰੁਪਏ ਗੱਲੇ ਵਿਚ ਰੱਖ ਛੱਡੇ ਸਨ, ਅਤੇ ਫੇਰ ਆਪਣੇ ਕਾਰੇ ਜੁੱਟ ਗਿਆ ਸਾਂ- ਰਾਤੀਂ ਦੁਕਾਨ ਬੰਦ ਕਰਨ ਲੱਗਿਆਂ ਦੱਸ ਹਜ਼ਾਰ ਦੀ ਗੱਥੀ ਗੱਲੇ ਵਿਚੋਂ ਚੁੱਕਣੀ ਹੀ ਭੁੱਲ ਗਿਆ। ਉਸ ਹਰਾਮਜ਼ਾਦੇ ਨੇ ਸ਼ਾਇਦ ਤਾੜ ਲਿਆ ਹੋਵੇ। ਇਸ ਕਰਕੇ ਹੀ ਅਜ ਸਵੇਰੇ ਸਵੇਰੇ ਹੀ ਦੁਕਾਨ ਦੀ ਚਾਬੀ ਲੈਣ ਆ ਗਿਆ ਸੀ- ਮੈਂ ਜਦ ਦੁਕਾਨ ਉੱਤੇ ਪਹੁੰਚਿਆ ਤਾਂ ਅੱਗੇ ਦੁਕਾਨ ਤਾਂ ਖੁੱਲ੍ਹੀ ਪਈ ਸੀ ਪਰ ਨੌਕਰ ਕਿੱਧਰੇ ਨਜ਼ਰ ਨਹੀਂ ਸੀ ਆ ਰਿਹਾ। ਮੈਂ ਸਮਝਿਆ ਸ਼ਾਇਦ ਨਾਲ ਵਾਲੀ ਦੁਕਾਨ ਉੱਤੇ

ਹੋਣੈ। ਪਰ ਜਦ ਕਾਫੀ ਦੇਰ ਤੱਕ ਨਜ਼ਰ ਨਾ ਆਇਆ ਤਾਂ ਮੈਨੂੰ ਇਕ ਦਮ ਗੱਲੇ ਵਿਚ ਰੱਖੇ ਰੁਪਿਆਂ ਦਾ ਚੇਤਾ ਆ ਗਿਆ, ਜਦੋਂ ਮੈਂ ਛੇਤੀ ਨਾਲ ਗੱਲੇ ਵੱਲ ਗਿਆ ਤਾਂ ਅੱਗੇ ਗੱਲਾ ਖਾਲੀ ਪਿਆ ਸੀ। ਝੱਟ ਨਾਲ ਵਾਲੀ ਦੁਕਾਨ ਤੋਂ ਉਸ ਦੀ ਪੁੱਛ-ਗਿੱਛ ਕੀਤੀ ਤਾਂ ਪਤਾ ਲੱਗਿਆ ਕਿ ਸਵੇਰੇ ਦੁਕਾਨ ਖੋਲ੍ਹ ਕੇ ਉਹ ਝਾੜੂ ਲਗਾ ਰਿਹਾ ਸੀ, ਫੇਰ ਕਿਸੇ ਨੇ ਉਸ ਨੂੰ ਨਹੀਂ ਵੇਖਿਆ। (ਜਦੋਂ ਮੋਹਰ ਸਿੰਘ ਇਹ ਸਭ ਕੁਝ ਆਪਣੀ ਪਤਨੀ ਨੂੰ ਦੱਸ ਰਿਹਾ ਹੈ ਤਾਂ ਅੰਦਰ ਕਮਰੇ ਵਿਚ ਜਸਬੀਰ ਸੰਗੀਤ ਦਾ ਰਿਆਜ਼ ਕਰ ਰਿਹਾ ਹੈ, ਮੋਹਰ ਸਿੰਘ ਨੂੰ ਗੁੱਸਾ ਆਉਂਦਾ ਹੈ। ਉਹ ਆਪਣੀ ਪਤਨੀ ਨੂੰ ਕਹਿੰਦਾ ਹੈ) ਇਸ ਨਲਾਇਕ ਕਰਕੇ ਮੈਨੂੰ ਅੱਜ ਇੰਨਾ ਨੁਕਸਾਨ ਉਠਾਉਣਾ ਪਿਆ ਹੈ- (ਉਹ ਖਿੱਝ ਕੇ ਜਸਬੀਰ ਨੂੰ ਆਵਾਜ਼ ਦਿੰਦਾ ਹੈ) ਜਸਬੀਰ, ਓ ਜਸਬੀਰ-ਬਾਹਰ ਆ ਕੇ ਵੇਖ ਤੇਰੇ ਇਸ ਸੰਗੀਤ ਨੇ ਅੱਜ ਕੀ ਚੰਨ ਚਾੜ੍ਹਿਆ ਏ- ਮੇਰਾ ਕਿੰਨਾ ਨੁਕਸਾਨ ਹੋ ਗਿਐ- (ਜਸਬੀਰ ਪਿਓ ਦੀ ਚੀਖਵੀਂ ਆਵਾਜ਼ ਸੁਣ ਕੇ ਕਮਰੇ ਵਿਚੋਂ ਬਾਹਰ ਨਿਕਲਦਾ ਹੈ।)

**ਜਸਬੀਰ** : ਕੀ ਗੱਲ ਹੋ ਗਈ, ਡੈਡੀ ਜੀ?

**ਮੋਹਰ ਸਿਘ** : ਹੋ ਗਿਆ ਤੇਰੀ ਮਾਂ ਦਾ ਸਿਰ! ਤੂੰ ਆਪਣਾ ਸੰਗੀਤ ਕਰੀ ਜਾ ਤੈਨੂੰ ਕੀ ਪਰਵਾਹ ਏ, ਆਪਣੇ ਪਿਓ ਦੇ ਨਵੇ ਨੁਕਸਾਨ ਦੀ।

**ਜਸਬੀਰ** : ਪਰ ਡੈਡੀ ਜੀ ਕੁਝ ਦੱਸੋ ਵੀ ਤਾਂ! ਇਸ ਵਿਚ ਮੇਰੇ ਸੰਗੀਤ ਨੇ ਕੀ ਕਰ ਦਿੱਤਾ?

**ਮੋਹਰ ਸਿਘ** : ਸੰਗੀਤ ਨੇ ਕੀ ਕਰ ਦਿੱਤਾ? ਅਜੇ ਪੁੱਛਦੈ ਸੰਗੀਤ ਨੇ ਕੀ ਕਰ ਦਿੱਤਾ। ਤੇਰੇ ਸੰਗੀਤ ਕਰਕੇ ਹੀ ਤਾਂ ਅੱਜ ਮੇਰਾ ਬੇੜਾ ਗਰਕ ਹੋ ਗਿਐ- ਜੇ ਤੂੰ ਮੇਰੇ ਨਾਲ ਦੁਕਾਨ ਉੱਤੇ ਹੱਥ ਵਟਾਉਂਦਾ ਤਾਂ ਅੱਜ ਨੌਕਰ ਦੇ ਹੱਥੋਂ ਮੈਂ ਕਿਉਂ ਲੁੱਟਦਾ?

**ਜਸਬੀਰ** : ਨੌਕਰ ਦੇ ਹੱਥੋਂ ਲੁੱਟਦਾ? ਡੈਡੀ ਇਹ ਕੀ ਕਹਿ ਰਹੇ ਹੋ ਤੁਸੀਂ। ਨੌਕਰ ਨੇ ਕਿਵੇਂ ਤੁਹਾਨੂੰ ਲੁੱਟ ਲਿਆ?

**ਜਸਵੰਤ** : ਪੁੱਤਰ, ਨੌਕਰ ਦੁਕਾਨ ਵਿਚੋਂ ਦੱਸ ਹਜ਼ਾਰ ਰੁਪਏ ਚੋਰੀ ਕਰਕੇ ਲੈ ਗਿਆ ਏ।

**ਜਸਬੀਰ** : ਨੌਕਰ ਦੱਸ ਹਜ਼ਾਰ ਰੁਪਏ ਚੋਰੀ ਕਰ ਗਿਆ? ਤਾਂ ਇਸ ਵਿਚ ਮੇਰੇ ਸੰਗੀਤ ਦਾ ਕੀ ਕਸੂਰ ਏ?

**ਮੋਹਰ ਸਿੰਘ** : ਵੇਖ ਲਿਆ ਈ-ਬੋਲਦਾ ਕਿਵੇਂ ਹੈ- ਅਖੇ, ਇਸ ਵਿਚ ਮੇਰੇ ਸੰਗੀਤ ਦਾ ਕੀ ਕਸੂਰ ਏ-ਓ ਗਧਿਆ, ਜੇ ਤੂੰ ਇਸ ਸੰਗੀਤ ਦੇ ਖਹਿੜੇ ਨਾ ਪਿਆ ਹੁੰਦਾ ਤਾਂ ਮੈਨੂੰ ਦੁਕਾਨ ਉੱਤੇ ਨੌਕਰ ਰੱਖਣ ਦੀ ਕੀ ਲੋੜ ਸੀ। ਜੋ ਅੱਜ ਏਨਾ ਨੁਕਸਾਨ ਕਰਕੇ ਚਲਾ ਗਿਆ।

**ਜਸਬੀਰ** : ਪਰ ਡੈਡੀ, ਤੁਸੀਂ ਦੁਕਾਨ ਉੱਤੇ ਦੱਸ ਹਜ਼ਾਰ ਰੁਪਏ ਛੱਡੇ ਕਿਉਂ? ਗਲਤੀ ਤੁਹਾਡੀ ਆਪਣੀ ਹੈ- ਦੋਸ਼ ਮੇਰੇ ਸੰਗੀਤ ਨੂੰ ਦੇਈ ਜਾਂਦੇ ਓ।

**ਮੋਹਰ ਸਿੰਘ** : ਓ ਖੋਤਿਆ! ਹੁਣ ਤੂੰ ਮੇਰੀਆਂ ਗਲਤੀਆਂ ਵੀ ਕੱਢਣ ਲੱਗ ਪਿਆ ਏਂ-ਆਪਣਾ ਕਸੂਰ ਤਾਂ ਤੂੰ ਮੰਨਣਾ ਨਹੀਂ। ਉਲਟਾ ਮੈਨੂੰ ਦੋਸ਼ ਦੇਈ ਜਾਨਾ ਏਂ।

**ਜਸਬੀਰ** : (ਖਿੱਝ ਕੇ) ਡੈਡੀ, ਤੁਸੀਂ ਤਾਂ ਹਰ ਗੱਲ ਦਾ ਉਲਟਾ ਹੀ ਮਤਲਬ ਕੱਢਣ ਲੱਗਦੇ ਹੋ। ਮੈਂ ਕਦੋਂ ਤੁਹਾਨੂੰ ਦੋਸ਼ੀ ਕਹਿੰਦਾ ਹਾਂ? (ਜਸਬੀਰ ਗੁੱਸੇ ਵਿਚ ਵਾਪਸ ਆਪਣੇ ਸੰਗੀਤ ਕਮਰੇ ਵਿਚ ਚਲਾ ਜਾਂਦਾ ਹੈ ਅਤੇ ਹਰਮੋਨੀਅਮ ਦੇ ਸੁਰ ਛੇੜਦਾ ਹੈ)

**ਮੋਹਰ ਸਿੰਘ** : (ਗੁੱਸੇ ਵਿਚ ਆਪਣੀ ਪਤਨੀ ਨੂੰ) ਵੇਖ ਲਿਆ ਈ ਆਪਣੇ ਲਾਡਲੇ ਨੂੰ, ਇਸ ਨੂੰ ਕੋਈ ਪਰਵਾਹ ਈ ਨਹੀਂ, ਮੇਰਾ ਦੱਸ ਹਜ਼ਾਰ ਦਾ ਨੁਕਸਾਨ ਹੋ ਗਿਐ, ਅਤੇ ਇਹ ਅੰਦਰ ਆਪਣਾ ਹੀ ਰਾਗ ਅਲਾਪ ਰਿਹੈ- (ਗੁੱਸੇ ਵਿਚ) ਅੱਜ ਮੈਂ ਇਸ ਦਾ ਫੈਸਲਾ ਕਰ ਹੀ ਦੇਣਾ ਏ- (ਉਹ ਗੁੱਸੇ ਵਿਚ ਅੰਦਰ ਜਸਬੀਰ ਦੇ ਕਮਰੇ ਵਿਚ ਦਾਖਲ ਹੁੰਦਾ ਹੈ।)

***(ਦ੍ਰਿਸ਼ ਛੇਵਾਂ)***

(ਜਸਬੀਰ ਦਾ ਸੰਗੀਤ ਕਮਰਾ- ਇਕ ਪਾਸੇ ਤਬਲਾ ਅਤੇ ਤਾਨਪੁਰਾ ਪਏ ਨੇ-ਅਲਮਾਰੀ ਵਿਚ ਕੁਝ ਕਿਤਾਬਾਂ ਸਲੀਕੇ ਨਾਲ ਟਿਕਾਈਆਂ ਹੋਈਆਂ ਨੇ। ਜਸਬੀਰ ਕਾਲੀਨ ਉੱਤੇ ਬੈਠਾ ਹਰਮੋਨੀਅਮ ਦੇ ਸੁਰ ਛੇੜ ਰਿਹਾ ਹੈ-ਆਪਣੇ ਪਿਤਾ ਨੂੰ ਇਸ ਤਰ੍ਹਾਂ ਇਕ ਦਮ ਕਮਰੇ ਵਿਚ ਦਾਖਲ ਹੁੰਦਾ ਵੇਖ ਕੇ ਉਸ ਦੀਆਂ ਉਂਗਲਾਂ ਹਰਮੋਨੀਅਮ ਉਤੇ ਰੁਕ ਜਾਂਦੀਆਂ ਹਨ। ਮੋਹਰ ਸਿੰਘ ਗੁੱਸੇ ਨਾਲ ਉਸ ਦੇ ਹਰਮੋਨੀਅਮ ਵੱਲ ਉਲਰਦਾ ਹੈ ਅਤੇ ਜ਼ੋਰ ਨਾਲ ਉਸ ਦਾ ਹਰਮੋਨੀਅਮ ਚੁੱਕ ਲੈਂਦਾ ਹੈ- ਜਸਬੀਰ ਹੱਕਾ ਬੱਕਾ ਰਹਿ ਜਾਂਦਾ ਹੈ।)

**ਮੋਹਰ ਸਿੰਘ** : ਅੱਜ ਮੈਂ ਤੇਰੇ ਇਸ ਸੰਗੀਤ ਦਾ ਫਸਤਾ ਈ ਵੱਢ ਦਿੰਦਾ ਹਾਂ- (ਉਹ ਹਰਮੋਨੀਅਮ ਚੁੱਕ ਕੇ ਕਮਰੇ ਵਿਚੋਂ ਬਾਹਰ ਨਿਕਲਦਾ ਹੈ। ਜਸਬੀਰ ਵੀ ਉਸ ਦੇ ਪਿਛੇ ਨਿਕਲਦਾ ਹੈ। ਬਾਹਰ ਜਸਵੰਤ ਆਪਣੇ ਪਤੀ ਨੂੰ ਇਸ ਤਰ੍ਹਾਂ ਹਰਮੋਨੀਅਮ ਬਾਹਰ ਵੱਲ ਲੈ ਜਾਂਦਿਆਂ ਵੇਖ ਕੇ ਹੈਰਾਨੀ ਨਾਲ ਪੁੱਛਦੀ ਹੈ-)

**ਜਸਵੰਤ** : ਇਹ ਕੀ ਕਰਨ ਲੱਗੇ ਹੋ? ਇਹ ਵਾਜਾ

ਬਾਹਰ ਕਿੱਧਰ ਲੈ ਚੱਲੇ ਓ?

**ਮੋਹਰ ਸਿੰਘ** : (ਗੁੱਸੇ ਵਿਚ) ਅੱਜ ਮੈਂ ਇਸ ਵਾਜੇ ਦਾ ਖਾਤਮਾ ਕਰ ਦੇਣਾ ਏ-(ਉਹ ਗੁੱਸੇ ਵਿਚ ਹਰਮੋਨੀਅਮ ਨੂੰ ਬਾਹਰ ਗਲੀ ਵਿਚ ਵਗਾਹ ਕੇ ਸੁੱਟਦਾ ਹੈ। ਹਰਮੋਨੀਅਮ ਦੇ ਬਾਹਰ ਸੁੱਟੇ ਜਾਣ ਨਾਲ ਜਸਬੀਰ ਚੀਖ ਉੱਠਦਾ ਹੈ।)

**ਜਸਬੀਰ** : (ਰੋ ਕੇ) ਡੈਡੀ ਇਹ ਤੁਸੀਂ ਕੀ ਕਰ ਦਿੱਤਾ-ਮੇਰਾ ਹਰਮੋਨੀਅਮ ਗਲੀ ਵਿਚ ਸੁੱਟ ਦਿੱਤਾ?

**ਮੋਹਰ ਸਿੰਘ** : ਅਜੇ ਤਾਂ ਮੈਂ ਤੇਰਾ ਤਬਲਾ ਅਤੇ ਤੰਬੂਰਾ ਵੀ ਬਾਹਰ ਸੁਟਣਾ ਏ-ਵੇਖ ਤਾਂ ਸਹੀ- (ਇਹ ਕਹਿ ਕੇ ਉਹ ਫੇਰ ਸੰਗੀਤ ਕਮਰੇ ਵੱਲ ਵੱਧਦਾ ਹੈ-ਜਸਵੰਤ ਅੱਗੇ ਹੋ ਕੇ ਉਸ ਨੂੰ ਰੋਕਦੀ ਹੈ।)

**ਜਸਵੰਤ** : ਇਹ ਕੀ ਕਰਨ ਲੱਗੇ ਹੋ ਤੁਸੀਂ? ਸਾਰਾ ਮੁਹੱਲਾ ਸਿਰ ਤੇ ਚੁੱਕ ਲਿਆ ਨੇ! ਵੇਖਦੇ ਨਹੀਂ, ਬਾਹਰ ਗਲੀ ਦੇ ਲੋਕ ਕਿਵੇਂ ਇਕੱਠੇ ਹੋ ਕੇ ਬਾਰੀ ਵਿਚੋਂ ਦੀ ਇੱਧਰ ਝਾਕ ਰਹੇ ਨੇ। ਆਪਣਾ ਜਲੂਸ ਆਪ ਹੀ ਕੱਢ ਰਹੇ ਹੋ?

**ਮੋਹਰ ਸਿੰਘ** : ਇਹ ਜਲੂਸ ਤਾਂ ਇਕ ਦਿਨ ਨਿਕਲਣਾ ਹੀ ਸੀ ਛੱਡ ਦੇ ਮੈਨੂੰ... (ਉਹ ਆਪਣਾ ਆਪ ਛੁਡਾ ਕੇ ਸੰਗੀਤ ਕਮਰੇ ਵਿਚੋਂ ਤਬਲਾ ਚੁੱਕ ਲਿਆਉਂਦਾ ਹੈ ਅਤੇ ਵਗਾਹ ਕੇ ਵਿਹੜੇ ਵਿਚ ਸੁੱਟਦਾ ਹੈ। ਜਸਬੀਰ ਇਕ ਪਾਸੇ ਆਪਣਾ ਸਿਰ ਪਕੜ ਕੇ ਕੁਰਸੀ ਉੱਤੇ ਬੈਠਾ ਰੋਣ ਲੱਗਦਾ ਹੈ-ਮੋਹਰ ਸਿੰਘ ਗੁੱਸੇ ਵਿਚ ਬੁਰਾ ਭਲਾ ਕਹਿ ਰਿਹਾ ਹੈ-ਬਾਹਰ ਗਲੀ ਦੇ ਲੋਕ ਸਾਹਮਣੇ ਬਾਰੀ ਵਿਚੋਂ ਨਜ਼ਰ ਆ ਰਹੇ ਹਨ ਜੋ ਉਨ੍ਹਾਂ ਦੇ ਘਰ ਵਿਚ ਮੋਹਰ ਸਿੰਘ ਦਾ ਰੌਲਾ ਸੁੱਣ ਕੇ ਉਨ੍ਹਾਂ ਦੇ ਘਰ ਅਗੇ ਇਕੱਠੇ ਹੋ ਗਏ ਸਨ-ਜਸਵੰਤ ਇਕ ਦਮ ਜਾ ਕੇ ਬਾਰੀ ਬੰਦ ਕਰਦੀ ਹੈ ਅਤੇ ਆਪਣੇ ਪਤੀ ਨੂੰ ਖਿੱਚ ਕੇ ਮੰਜੀ ਉੱਤੇ ਬਿਠਾਉਂਦੀ ਹੈ।

**ਜਸਵੰਤ** : ਕੀ ਗੱਲ ਝੱਲੇ ਹੋ ਗਏ ਹੋ? ਵੇਖੋ ਤਾਂ ਸਹੀ, ਬਾਹਰ ਗਲੀ ਦੇ ਲੋਕ, ਕਿਵੇਂ ਤੁਹਾਡਾ ਤਮਾਸ਼ਾ ਵੇਖਣ ਲਈ ਇਕੱਠੇ ਹੋ ਗਏ ਨੇ? (ਮੋਹਰ ਸਿੰਘ ਨੂੰ ਇਸ ਗੱਲ ਦਾ ਅਹਿਸਾਸ ਹੁੰਦਾ ਹੈ, ਇਹ ਸਾਹ-ਸਾਹ ਹੋਇਆ ਮੰਜੀ ਉੱਤੇ ਬੈਠਦਾ ਹੈ-ਉਸ ਦੇ ਕੋਲ ਹੀ ਜਸਬੀਰ ਸਿਰ ਨੀਵਾਂ ਸੁੱਟੀ ਰੋ ਰਿਹਾ ਹੈ-)

**ਮੋਹਰ ਸਿੰਘ** : (ਗੁੱਸੇ ਵਿਚ) ਕੰਨ ਖੋਲ੍ਹ ਕੇ ਸੁਣ ਲੈ, ਅੱਜ ਤੋਂ ਬਾਅਦ ਤੇਰਾ ਇਹ ਸੰਗੀਤ ਇੱਥੇ ਨਹੀਂ ਰਹੇਗਾ।

**ਜਸਬੀਰ** : (ਭਰੀਆਂ ਅੱਖਾਂ ਨਾਲ) ਜੇ ਮੇਰਾ ਸੰਗੀਤ ਨਹੀਂ ਰਹੇਗਾ ਤਾਂ ਫੇਰ ਮੈਂ ਵੀ ਏਥੇ ਨਹੀਂ ਰਹਿਣਾ। (ਇਹ ਕਹਿ ਕੇ ਜਸਬੀਰ ਇਕ ਦਮ ਕੁਰਸੀ ਤੋਂ ਉੱਠਦਾ ਹੈ ਅਤੇ ਆਪਣੇ ਪੈਰਾਂ ਵਿਚ ਚੱਪਲਾਂ ਪਾਉਂਦਾ ਹੋਇਆ ਬਾਹਰ ਵੱਲ ਨਿਕਲਦਾ ਹੈ। ਉਸ ਦੀ ਮਾਂ ਉਸ ਦੇ ਪਿੱਛੇ ਦੌੜਦੀ ਹੋਈ ਉਸ ਨੂੰ ਰੋਕਦੀ ਹੈ-) "ਛੱਡ ਦੇ ਮੰਮੀ ਮੈਨੂੰ, ਮੈਂ ਹੁਣ ਇੱਥੇ ਇਕ ਪਲ ਨਹੀਂ ਰਹਿ ਸਕਦਾ- (ਉਹ ਆਪਣੀ ਮਾਂ ਤੋਂ ਹੱਥ ਛੁੜਾਉਂਦਾ ਹੋਇਆ ਅੱਗੇ ਵੱਧਦਾ ਹੈ-ਉਸ ਦੀ ਮਾਂ ਉਸਨੂੰ ਖਿੱਚਦੀ ਹੈ)

**ਜਸਵੰਤ** : ਵੇ ਪੁੱਤਰ, ਕੋਈ ਨਾ, ਮੈਂ ਤੈਨੂੰ ਨਵਾਂ ਵਾਜਾ ਲੈ ਦੇਵਾਂਗੀ-ਇਸ ਤਰ੍ਹਾਂ ਬਾਹਰ ਨਾ ਜਾ- (ਉਸ ਦੀ ਮਾਂ ਉਸ ਨੂੰ ਪਕੜਦੀ ਹੈ ਅਤੇ ਜਸਬੀਰ ਆਪਣੀ ਮਾਂ ਦੀ ਗਰਿਫਤ ਤੋਂ ਆਪਣੇ ਆਪ ਨੂੰ ਛੁਡਾਉਂਦਾ ਹੈ। ਜਸਵੰਤ, ਜਸਬੀਰ ਨੂੰ ਇਸ ਤਰ੍ਹਾਂ ਜਾਂਦਿਆਂ ਵੇਖ ਕੇ ਆਪਣੇ ਪਤੀ ਨੂੰ ਕਹਿੰਦੀ ਹੈ)

**ਜਸਵੰਤ** : ਤੁਸੀਂ ਇਸ ਨੂੰ ਰੋਕਦੇ ਕਿਉਂ ਨਹੀਂ? ਇਹ ਤਾਂ ਘਰੋਂ ਜਾ ਰਿਹੈ...।

**ਮੋਹਰ ਸਿੰਘ** : ਜਾਣ ਦੇ ਇਸ ਨੂੰ ਜਿੱਥੇ ਜਾਂਦਾ ਏ। ਜੇ ਬਾਹਰ ਭੁੱਖਾ ਰਹੇਗਾ ਤਾਂ ਦੋ ਦਿਨਾਂ ਵਿਚ ਹੀ ਇਸ ਦੇ ਸਿਰ ਤੋਂ ਸੰਗੀਤ ਦਾ ਭੂਤ ਉਤਰ ਜਾਵੇਗਾ। ਜਾਣ ਦੇ ਇਸ ਨੂੰ-ਮੈਂ ਵੀ ਵੇਖਦਾ ਕਿ ਕਿੰਨੇ ਦਿਨ ਇਹ ਬਾਹਰ ਰਹਿ ਸਕਦੈ।

(ਆਪਣੇ ਪਿਤਾ ਦੀਆਂ ਗੱਲਾਂ ਤੋਂ ਖਿੱਝ ਕੇ ਜਸਬੀਰ ਗੁੱਸੇ ਨਾਲ ਆਪਣੀ ਮਾਂ ਤੋਂ ਹੱਥ ਛੁਡਾ ਕੇ ਦਰਵਾਜ਼ੇ ਤੋਂ ਬਾਅਰ ਨਿਕਲਦਾ ਹੈ। ਦਰਵਾਜ਼ੇ ਵਿਚ ਹੀ ਉਨ੍ਹਾਂ ਦਾ ਗੁਆਂਢੀ ਹਰੀ ਰਾਮ ਉਸਦਾ ਟੁੱਟਿਆ ਹੋਇਆ ਹਰਮੋਨੀਅਮ ਅੰਦਰ ਲਿਆਉਂਦਾ ਹੈ-ਜਸਬੀਰ ਉਸਨੂੰ ਪਿਛੇ ਧੱਕਦਾ ਹੋਇਆ ਬਾਹਰ ਨਿਕਲ ਜਾਂਦਾ ਹੈ)

**ਜਸਵੰਤ** : ਵੇ, ਕੋਈ ਰੋਕੋ ਇਸਨੂੰ -(ਫੇਰ ਆਪਣੇ ਪਤੀ ਵੱਲ) ਤੁਸੀਂ ਰੋਕਦੇ ਕਿਉਂ ਨਹੀ ਜਸਬੀਰ ਨੂੰ-ਹਾਏ ਵੇ ਕੋਈ ਰੋਕੋ-ਜਸਬੀਰ, ਜੱਸੀ ਪੁੱਤਰ- (ਜਸਵੰਤ ਉੱਚੀ ਉੱਚੀ ਬੁਲਾਉਂਦੀ ਹੈ, ਹਰੀ ਰਾਮ ਜਸਬੀਰ ਦੀ ਬਾਂਹ ਫੜਦਾ ਹੈ ਪਰ ਜਸਬੀਰ ਇਕ ਝਟਕੇ ਨਾਲ ਛੁਡਾ ਕੇ ਬਾਹਰ ਹੋ ਜਾਂਦਾ ਹੈ।)

**ਹਰੀ ਰਾਮ** : (ਟੁੱਟਿਆ ਹਰਮੋਨੀਅਮ ਮੰਜੇ ਉੱਤੇ ਰੱਖਦਾ ਹੋਇਆ) ਕੀ ਗੱਲ ਸਰਦਾਰ ਜੀ, ਇਹ ਬਾਜਾ ਬਾਹਰ ਕਿਉਂ ਸੁੱਟ ਦਿੱਤਾ? (ਮੋਹਰ ਸਿੰਘ ਕੁਝ ਨਹੀਂ ਬੋਲਦਾ-ਹਰੀ ਰਾਮ ਜਸਵੰਤ ਵੱਲ ਵੇਖਦਾ ਹੈ)

**ਜਸਵੰਤ** : ਕੋਈ ਨਾ ਭਰਾ ਜੀ, ਤੁਸੀਂ ਚੱਲੋ ਇਹ ਸਾਡਾ ਆਪਣੇ ਘਰ ਦਾ ਮਾਮਲਾ ਏ- (ਹਰੀ ਰਾਮ ਮੂੰਹ ਜਿਹਾ ਬਣਾ ਕੇ ਘਰੋਂ ਨਿਕਲ ਜਾਂਦਾ ਹੈ।)

**ਜਸਵੰਤ** : ਕਰ ਲਈ ਨਾ ਆਪਣੀ, ਹੁਣ ਲੱਭਦੇ

ਫਿਰੇਗੋ ਪੁੱਤ ਨੂੰ, ਭੈੜੇ ਦਾ ਗੁੱਸਾ ਵੀ ਡਾਹਢਾ ਏ-ਕਿਤੇ ਕੁਝ ਕਰ ਹੀ ਨਾ ਬੈਠੇ-ਉੱਠੋ ਛੇਤੀ ਅਤੇ ਮੋੜ ਲਿਆਓ ਉਸ ਨੂੰ-(ਮੋਹਰ ਸਿੰਘ ਨੂੰ ਆਪਣੀ ਗਲਤੀ ਦਾ ਅਹਿਸਾਸ ਹੁੰਦਾ ਹੈ, ਪਰ ਗੁੱਸੇ ਵਿਚ ਹੈ)

**ਮੋਹਰ ਸਿੰਘ** : ਮੈਂ ਨਹੀਂ ਜਾਂਦਾ, ਉਸ ਪਿੱਛੇ, ਜਾਣ ਦੇ ਜਿੱਧਰ ਜਾਂਦੈ।

**ਜਸਵੰਤ** : (ਰੋਣਹਾਕੀ ਹੋ ਕੇ)- ਹਾਏ, ਕਿਹੋ ਜਿਹਾ ਦਿਲ ਹੈ ਤੁਹਾਡਾ ਆਪਣੇ ਇਕੋ ਇਕ ਪੁੱਤਰ ਨਾਲ ਜ਼ਰਾ ਵੀ ਮੋਹ ਨਹੀਂ ਤੁਹਾਨੂੰ? ਬੈਠੇ ਰਹੋ ਤੁਸੀਂ ਮੈਂ ਆਪ ਚੱਲਦੀ ਹਾਂ-(ਇਹ ਕਹਿ ਕੇ ਉਹ ਆਪਣੇ ਗੱਲ ਵਿਚ ਦੁਪੱਟਾ ਪਾ ਕੇ ਪੈਰੀਂ ਜੁੱਤੀਆਂ ਪਾ ਕੇ ਨਿਕਲਦੀ ਹੈ ਕਿ ਮੋਹਰ ਸਿੰਘ ਉਸ ਨੂੰ ਰੋਕਦਾ ਹੈ)

**ਮੋਹਰ ਸਿੰਘ** : ਹੁਣ ਤੂੰ ਕਿੱਧਰ ਚੱਲੀ ਏਂ ਉਸ ਨੂੰ ਲੱਭਣ? ਠਹਿਰ ਜਾ, ਮੈਂ ਆਪੇ ਜਾਂਦਾ ਹਾਂ- (ਇਹ ਕਹਿ ਕੇ ਮੋਹਰ ਸਿੰਘ ਬਾਹਰ ਨਿਕਲਦਾ ਹੈ ਅਤੇ ਜਸਵੰਤ ਮੰਜੇ ਉੱਤੇ ਬੈਠਦੀ ਹੈ।)

***(ਦ੍ਰਿਸ਼ ਸੱਤਵਾਂ)***

(ਜਸਬੀਰ ਬਾਹਰ ਨਦੀ ਦੇ ਪੁੱਲ ਉੱਤੇ ਉਦਾਸ ਹੋ ਕੇ ਬੈਠਾ ਹੈ, ਉਸ ਨੂੰ ਕੁਝ ਨਹੀਂ ਸੁਝਦਾ ਕਿ ਉਹ ਕਿੱਧਰ ਜਾਵੇ, ਆਪਣੇ ਗੁਰੂ ਆਤਮ ਪ੍ਰਕਾਸ਼ ਦਾ ਖਿਆਲ ਆਉਂਦਾ ਹੈ, ਪਰ ਫੇਰ ਚੇਤਾ ਆਉਂਦਾ ਹੈ ਕਿ ਆਤਮ ਪ੍ਰਕਾਸ਼ ਤਾਂ ਦੋ ਦਿਨ ਹੋਏ ਆਪਣੀ ਧੀ ਕੋਲ ਇੰਗਲੈਂਡ ਚਲਾ ਗਿਆ ਹੈ-ਕਦੇ ਉਸ ਨੂੰ ਖਿਆਲ ਆਉਂਦਾ ਹੈ ਕਿ ਨਦੀ ਵਿਚ ਛਾਲ ਮਾਰ ਕੇ ਆਪਣੀ ਜ਼ਿੰਦਗੀ ਦਾ ਖਾਤਮਾ ਹੀ ਕਰ ਦੇਵੇ-ਪਰ ਫੇਰ ਉਸ ਦੀ ਮਾਂ ਦਾ ਚਿਹਰਾ ਉਸ ਦੇ ਸਾਹਮਣੇ ਆ ਜਾਂਦਾ ਹੈ, ਸੁਰਪ੍ਰੀਤ ਦਾ ਚਿਹਰਾ ਵੀ। ਟਿਪ ਟਿਪ ਕਰਕੇ ਹੰਝੂ ਉਸ ਦੀਆਂ ਅੱਖਾਂ ਵਿਚੋਂ ਕਿਰਨ ਲੱਗਦੇ ਹਨ-ਸ਼ਾਮ ਦਾ ਵੇਲਾ ਹੈ-ਜਸਬੀਰ ਉਦਾਸ ਹੋ ਕੇ ਪੁੱਲ ਉੱਪਰ ਬੈਠਾ ਹੈ, ਉਸਨੂੰ ਰਹਿ ਰਹਿ ਕੇ ਖਿਆਲ ਆ ਰਿਹਾ ਹੈ ਕਿ ਕਿਵੇਂ ਉਸ ਦੇ ਡੈਡੀ ਨੇ ਉਸ ਦਾ ਹਰਮੋਨੀਅਮ ਬਾਹਰ ਸੁੱਟ ਦਿੱਤਾ-ਉਹ ਉਸ ਘਰ ਵਿਚ ਹੁਣ ਨਹੀਂ ਜਾਵੇਗਾ। ਜਿੱਥੇ ਸੰਗੀਤ ਦਾ ਨਿਰਾਦਰ ਹੋਇਆ ਹੈ...ਉਹ ਸੋਚ ਹੀ ਰਿਹਾ ਹੈ ਕਿ ਉਸ ਦੀ ਪਿੱਠ ਪਿੱਛੇ ਕਿਸੇ ਦੀ ਆਵਾਜ਼ ਆਉਂਦੀ ਹੈ-'ਜਸਬੀਰ' ਉਹ ਮੁੜ ਕੇ ਵੇਖਦਾ ਹੈ ਤਾਂ ਗਿਆਨੀ ਪੂਰਨ ਸਿੰਘ ਉਸ ਦੇ ਕੋਲ ਖੜੇ ਹਨ ਜੋ ਸੈਰ ਕਰਦੇ ਕਰਦੇ ਉੱਧਰ ਨਦੀ ਵੱਲ ਆ ਨਿਕਲੇ ਸਨ ਅਤੇ ਜਸਬੀਰ ਨੂੰ ਇਸ ਤਰ੍ਹਾਂ ਪੁੱਲ ਉੱਤੇ ਬੈਠਿਆਂ ਵੇਖ ਕੇ ਪੁੱਛਣ ਲੱਗੇ-)

**ਗਿਆਨੀ** : ਜਸਬੀਰ ਜੀ, ਕੀ ਗੱਲ ਅੱਜ ਇਥੇ ਇਸ ਤਰ੍ਹਾਂ ਕਿਉਂ ਬੈਠੇ ਹੋ? (ਗਿਆਨੀ ਜੀ ਨੂੰ ਆਪਣੇ ਸਾਹਮਣੇ ਖੜਿਆ ਵੇਖ ਕੇ ਜਸਬੀਰ ਫਿਸ ਪੈਂਦਾ ਹੈ ਅਤੇ ਉਸ ਦੀਆਂ ਅੱਖਾਂ ਵਿਚੋਂ ਹੰਝੂ ਗਿਰਨ ਲੱਗਦੇ ਹਨ-ਗਿਆਨੀ ਜੀ ਹੈਰਾਨ ਹੁੰਦੇ ਹਨ।)

**ਗਿਆਨੀ** : ਵਾਹਿਗੁਰੂ,ਵਾਹਿਗੁਰੂ ਹੈਂ! ਇਹ ਕੀ-ਤੂੰ ਰੋ ਰਿਹਾ ਹੈਂ, ਝੱਲਿਆ! ਕੀ ਗੱਲ ਏ, ਕਿਸੇ ਕੁਝ ਆਖਿਆ ਈ-ਜਾਂ ਹੋਰ ਕੋਈ ਗੱਲ ਏ?

(ਜਸਬੀਰ ਦਾ ਗੱਚ ਭਰਦਾ ਜਾ ਰਿਹਾ ਹੈ, ਉਹ ਕੁਝ ਵੀ ਨਹੀਂ ਬੋਲਦਾ) ਓਹੋ! ਕੁਝ ਤਾਂ ਦੱਸ ਗੱਲ ਕੀ ਏ?)

**ਜਸਬੀਰ** : (ਆਪਣੇ ਆਪ ਉੱਤੇ ਕਾਬੂ ਪਾਉਂਦਾ ਹੋਇਆ) ਗਿਆਨੀ ਜੀ, ਅੱਜ ਮੇਰੇ ਸੰਗੀਤ ਦਾ ਨਿਰਾਦਰ ਹੋਇਐ...ਅੱਜ ਮੇਰਾ ਜੀਣ ਨੂੰ ਬਿਲਕੁਲ ਜੀਅ ਨਹੀਂ ਕਰਦਾ..ਮੈਂ ਮਰ ਜਾਣੈ- (ਕਹਿੰਦਾ ਹੋਇਆ ਜਸਬੀਰ ਫੁੱਟ-ਫੁੱਟ ਕੇ ਰੋਣ ਲੱਗਦਾ ਹੈ। ਗਿਆਨੀ ਉਸਨੂੰ ਆਪਣੇ ਸੀਨੇ ਨਾਲ ਲਗਾ ਕੇ ਦਿਲਾਸਾ ਦਿੰਦਾ ਹੈ)

**ਗਿਆਨੀ ਜੀ** : ਵਾਹਿਗੁਰੂ, ਵਾਹਿਗੁਰੂ ਆਖ ਝੱਲਿਆ। ਏਨੀ ਛੇਤੀ ਨਿਰਾਸ਼ ਨਹੀਂ ਹੋਈਦਾ, ਖੋਲ੍ਹ ਕੇ ਦੱਸ ਕਿ ਤੇਰੇ ਸੰਗੀਤ ਦਾ ਨਿਰਾਦਰ ਕਿਸ ਨੇ ਕੀਤਾ ਹੈ?

**ਜਸਬੀਰ** : ਗਿਆਨੀ ਜੀ ਕੀ ਦੱਸਾਂ, ਕੋਈ ਗੈਰ ਹੋਵੇ ਤਾਂ ਲੜ ਵੀ ਪਵਾਂ ਪਰ ਆਪਣੇ ਡੈਡੀ ਨੂੰ ਕੀ ਆਖਾਂ-ਅੱਜ ਮੇਰੇ ਡੈਡੀ ਨੇ ਮੇਰਾ ਹਰਮੋਨੀਅਮ, ਤਬਲਾ ਬਾਹਰ ਗਲੀ ਵਿਚ ਵਗਾਹ ਕੇ ਸੁੱਟ ਦਿੱਤਾ-ਮੇਰਾ ਸੰਗੀਤ, ਗਿਆਨੀ ਜੀ, ਮੇਰਾ ਸੰਗੀਤ- (ਇਹ ਕਹਿੰਦਾ ਹੋਇਆ ਜਸਬੀਰ ਫਿਰ ਫਿਸ ਪਿਆ-ਗਿਆਨੀ ਜੀ ਉਸ ਨੂੰ ਦਿਲਾਸਾ ਦਿੰਦੇ ਹੋਏ ਕਹਿਣ ਲੱਗੇ)

**ਗਿਆਨੀ ਜੀ** : ਅੱਛਾ ਤਾਂ ਇਹ ਕਾਰਾ ਤੇਰੇ ਡੈਡੀ ਨੇ ਹੀ ਕੀਤਾ ਏ, ਪਰ ਕਿਸ ਗੱਲ ਤੋਂ?

**ਜਸਬੀਰ** : ਡੈਡੀ ਚਾਹੁੰਦੇ ਨੇ ਕਿ ਮੈਂ ਸੰਗੀਤ ਦਾ ਰਿਆਜ਼ ਛੱਡ ਕੇ ਉਨ੍ਹਾਂ ਨਾਲ ਦੁਕਾਨ ਉੱਤੇ ਬੈਠਾਂ, ਪਰ ਮੇਰੇ ਕੋਲੋਂ ਇਹ ਦੁਕਾਨਦਾਰੀ ਨਹੀਂ ਹੁੰਦੀ, ਅੱਜ ਦੁਕਾਨ ਵਿਚੋਂ ਨੌਕਰ ਉਨ੍ਹਾਂ ਦੇ ਦੱਸ ਹਜ਼ਾਰ ਰੁਪਏ ਚੋਰੀ ਕਰ ਗਿਆ, ਜਿਸ ਦਾ ਗੁੱਸਾ ਉਹਨਾਂ ਮੇਰੇ ਸੰਗੀਤ ਉੱਪਰ ਕੱਢਿਆ ਮੇਰੇ ਸੰਗੀਤ ਦਾ ਬਹੁਤ ਨਿਰਾਦਰ ਹੋਇਆ ਏ, ਗਿਆਨੀ ਜੀ, ਹੁਣ ਮੈਂ ਉਸ ਘਰ ਵਿਚ ਨਹੀਂ ਰਹਿਣਾ-ਮੈਂ ਹੁਣ ਮਰ ਜਾਣਾ ਏ...।

(ਉਹ ਰੋਣ ਲੱਗਦਾ ਹੈ)

**ਗਿਆਨੀ ਜੀ** : ਵਾਹਿਗੁਰੂ ਆਖ, ਵਾਹਿਗੁਰੂ ਆਖ ਓ

ਝੱਲਿਆ! ਐਨੀ ਛੇਤੀ ਹੌਸਲਾ ਹਾਰ ਗਿਓਂ-ਸੱਚੀ ਸਾਧਨਾ ਕਰਨ ਵਾਲਿਆਂ ਦੇ ਰਾਹ ਵਿਚ ਤਾਂ ਇਸ ਤਰ੍ਹਾਂ ਦੀਆਂ ਕਈ ਮੁਸ਼ਕਲਾਂ ਆਉਂਦੀਆਂ ਰਹਿੰਦੀਆਂ ਨੇ-ਇਨ੍ਹਾਂ ਤੋਂ ਘਬਰਾਉਣਾ ਨਹੀਂ ਚਾਹੀਦਾ, ਜੇ ਤੂੰ ਸੰਗੀਤ ਲਈ ਹੀ ਆਪਣਾ ਜੀਵਨ ਅਰਪਨ ਕੀਤਾ ਹੋਇਆ ਏ ਤਾਂ ਫੇਰ ਇਸ ਨੂੰ ਸੰਗੀਤ ਦੇ ਲੇਖੇ ਹੀ ਲਾ... ਇਸ ਤਰ੍ਹਾਂ ਨਿਰਾਸ਼ ਹੋ ਕੇ ਅਜਾਈਂ ਜੀਵਨ ਗਵਾਉਣ ਵਿਚ ਕੋਈ ਅਕਲਮੰਦੀ ਨਹੀਂ...ਚੱਲ ਉੱਠ ਮੇਰੇ ਨਾਲ, ਮੈਂ ਤੇਰੇ ਡੈਡੀ ਨੂੰ ਵੀ ਸਮਝਾਵਾਂਗਾ- (ਉਹ ਜਸਬੀਰ ਨੂੰ ਆਪਣੇ ਨਾਲ ਤੋਰ ਲੈਂਦਾ ਹੈ)

***(ਦ੍ਰਿਸ਼ ਅੱਠਵਾਂ)***

(ਸ਼ਾਮ ਦਾ ਵੇਲਾ ਹੈ, ਘਰ ਦੇ ਬਰਾਂਮਦੇ ਵਿਚ ਜਸਵੰਤ ਇਕ ਪਾਸੇ ਬੈਠੀ ਰੋ ਰਹੀ ਹੈ...ਕੋਲ ਦੋ ਗੁਆਂਢਣਾਂ ਬੈਠੀਆਂ ਉਸ ਨੂੰ ਤਸੱਲੀਆਂ ਦੇ ਰਹੀਆਂ ਹਨ)

**ਗੁਆਂਢਣ** : ਭੈਣੇ, ਤੂੰ ਦਿਲ ਨਾ ਛੋਟਾ ਕਰ, ਜਸਬੀਰ ਕੋਈ ਬੱਚਾ ਨਹੀਂ, ਆਪੇ ਘਰ ਆ ਜਾਵੇਗਾ।

**ਦੂਜੀ ਗੁਆਂਢਣ** : ਖਬਰੇ, ਇੰਜ ਕਿਵੇਂ ਸੋਚ ਲਿਆ ਜੱਸੀ ਨੇ, ਏਡਾ ਸਾਊ ਮੁੰਡਾ-ਗਲੀ 'ਚ ਲੰਘਦਾ ਅੱਖ ਨਹੀਂ ਸੀ ਚੁੱਕਦਾ- (ਗੁਆਂਢਣਾਂ ਦੇ ਗੱਲਾਂ ਕਰਦਿਆਂ ਮੋਹਰ ਸਿੰਘ ਮੂੰਹ ਲਟਕਾਈ ਘਰ ਵਿਚ ਦਾਖਿਲ ਹੁੰਦਾ ਹੈ ਜਿਸ ਨੂੰ ਵੇਖਦਿਆਂ ਹੀ ਜਸਵੰਤ ਧਾਹ ਕੇ ਉਸ ਵੱਲ ਉਠਦੀ ਹੈ)

**ਜਸਵੰਤ** : ਕੁਝ ਪਤਾ ਲੱਗਿਐ ਮੇਰੇ ਜੱਸੀ ਦਾ?

**ਮੋਹਰ ਸਿੰਘ** : (ਉਦਾਸ ਜਿਹਾ) ਅਜੇ ਤੱਕ ਤਾਂ ਕੋਈ ਸੂਹ ਨਹੀ ਮਿਲੀ, ਮੈਂ ਤਾਂ ਉਸ ਦੇ ਸੰਗੀਤ ਗੁਰੂ ਵੱਲ ਵੀ ਹੋ ਆਇਆ ਹਾਂ- ਉਸ ਦਾ ਗੁਰੂ ਤਾਂ ਕਹਿੰਦੇ ਨੇ ਇੰਗਲੈਂਡ ਚਲਾ ਗਿਐ-

**ਜਸਵੰਤ** : ਗੁਰੂ ਇੰਗਲੈਂਡ ਚਲਾ ਗਿਐ? ਤਾਂ ਫੇਰ ਜੱਸੀ ਹੋਰ ਕਿੱਥੇ ਗਿਆ ਹੋਵੇਗਾ, ਉਸ ਦਾ ਤਾਂ ਅਜਿਹਾ ਕੋਈ ਦੋਸਤ ਵੀ ਨਹੀਂ ਜਿਸਦੇ ਨਾਲ ਉਹ ਘੁੰਮਦਾ ਫਿਰਦਾ ਹੋਵੇ? ਉਹ ਤਾਂ ਬੱਸ ਸਾਰਾ ਸਾਰਾ ਦਿਨ ਆਪਣੇ ਕਮਰੇ ਵਿਚ ਬੈਠਾ ਸੰਗੀਤ ਦਾ ਰਿਆਜ਼ ਹੀ ਕਰਦਾ ਰਹਿੰਦਾ ਸੀ, ਪਤਾ ਨਹੀਂ ਕਿੱਥੇ ਭਜਾ ਤਾ ਤੁਸੀਂ ਮੇਰੇ ਲਾਲ ਨੂੰ, (ਉਹ ਰੋਣ ਲੱਗਦੀ ਹੈ, ਮੋਹਰ ਸਿੰਘ ਕੁਝ ਨਹੀਂ ਬੋਲਦਾ) ਇਹ ਸਭ ਤੁਹਾਡੇ ਕਾਰਨ ਹੀ ਹੋਇਐ ਤੁਸੀਂ ਮੇਰੇ ਪੁੱਤ ਨੂੰ ਘਰੋਂ ਕੱਢ ਦਿੱਤਾ।

**ਮੋਹਰ ਸਿੰਘ** : (ਕੁਝ ਖਿੱਝ ਕੇ) ਮੈਂ ਕੀ ਕੱਢ ਤਾ ਉਸ ਨੂੰ? ਮੈਂ ਕੋਈ ਉਸ ਨੂੰ ਘਰੋਂ ਜਾਣ ਲਈ ਕਿਹਾ ਸੀ? ਉਹ ਤਾਂ ਆਪੇ ਹੀ ਚਲਾ ਗਿਆ...।

(ਦੋਹੇਂ ਗੁਆਂਢਣਾਂ ਪਤੀ-ਪਤਨੀ ਦੀ ਗੱਲਬਾਤ ਵਿਚ ਦਖਲ ਨਾ ਦੇਂਦੀਆਂ ਹੋਈਆਂ ਉੱਠ ਕੇ ਜਾਣ ਲੱਗਦੀਆਂ ਹਨ)

**ਗੁਆਂਢਣ** : ਅੱਛਾ, ਭੈਣ ਜੀ, ਹੌਂਸਲਾ ਰੱਖੋ, ਕਿਤੇ ਨੀ ਜਾਂਦਾ ਜੱਸੀ, ਆਪੇ ਆ ਜਾਊ-(ਦੋਨੋਂ ਚਲੀਆਂ ਜਾਂਦੀਆਂ ਹਨ)

**ਜਸਵੰਤ** : (ਰੋਣਹਾਕੀ ਜਿਹੀ ਹੋ ਕੇ) ਹੁਣ ਤਾਂ ਹਨੇਰਾ ਵੀ ਹੋ ਚੱਲਿਐ ਪਤਾ ਨਹੀਂ ਕਿਥੇ ਹੋਵੇਗਾ ਮੇਰਾ ਜੱਸੀ? (ਉੱਚੀ ਉੱਚੀ ਰੋਣ ਲੱਗਦੀ ਹੈ- ਉਸ ਦੇ ਨਾਲ ਗੁੱਡੀ ਵੀ ਰੋਣ ਲੱਗਦੀ ਹੈ, ਮੋਹਰ ਸਿੰਘ ਉਸ ਨੂੰ ਦਿਲਾਸਾ ਦਿੰਦਾ ਹੈ ਅਤੇ ਕਹਿੰਦਾ ਹੈ)

**ਮੋਹਰ ਸਿੰਘ** : ਤੇਰੇ ਨਾਲ ਇਹ ਵੀ ਰੋਣ ਲੱਗ ਪਈ ਹੈ। ਹੌਂਸਲਾ ਰੱਖ ਕਿਧਰੇ ਨੀ ਜਾਂਦਾ ਜੱਸੀ। ਮੈਨੂੰ ਪਤਾ ਹੈ ਉਹ ਕਿਧਰੇ ਹੋਰ ਜਾਣ ਜੋਗਾ ਹੈ ਹੀ ਨਹੀਂ। ਤੂੰ ਵੇਖ ਲਈਂ ਆਪੇ ਘਰ ਆਵੇਗਾ- (ਏਨੇ ਨੂੰ ਬਾਹਰ ਦਰਵਾਜ਼ੇ ਉੱਤੇ ਦਸਤਕ ਹੁੰਦੀ ਹੈ-ਦੋਹੇਂ ਪਤੀ-ਪਤਨੀ ਸਚੇਤ ਹੋ ਕੇ ਦਰਵਾਜ਼ੇ ਵੱਲ ਝਾਕਦੇ ਹਨ। ਗਿਆਨੀ ਪੂਰਨ ਸਿੰਘ ਅੰਦਰ ਆਉਂਦਾ ਹੈ। ਪੂਰਨ ਸਿੰਘ ਦੀ ਪ੍ਰਭਾਵਸ਼ਾਲੀ ਸ਼ਖਸੀਅਤ ਤੋਂ ਮੁਤਾਸਰ ਹੋ ਕੇ ਮੋਹਰ ਸਿੰਘ ਇਕ ਦਮ ਖੜ੍ਹਾ ਹੋ ਜਾਂਦਾ ਹੈ ਅਤੇ ਹੱਥ ਜੋੜ ਕੇ ਸਤਿ ਸ੍ਰੀ ਅਕਾਲ ਬੁਲਾਉਂਦਾ ਹੈ)

**ਗਿਆਨੀ ਜੀ** : ਸਰਦਾਰ ਮੋਹਰ ਸਿੰਘ ਤੁਸੀਂ ਹੋ... ਜਸਬੀਰ ਦੇ ਪਿਤਾ...?

**ਮੋਹਰ ਸਿੰਘ** : (ਉਤਸੁਕਤਾ ਨਾਲ) ਹਾਂ ਜੀ, ਮੇਰਾ ਨਾਂ ਹੀ ਮੋਹਰ ਸਿੰਘ ਹੈ, ਜਸਬੀਰ ਮੇਰਾ ਹੀ ਪੁੱਤਰ ਹੈ- (ਜਸਵੰਤ ਵੀ ਜਸਬੀਰ ਦਾ ਨਾਂ ਸੁਣਦਿਆਂ ਹੀ ਗਿਆਨੀ ਜੀ ਨੂੰ ਕਹਿੰਦੀ ਹੈ)

**ਜਸਵੰਤ** : ਹਾਂ ਬਾਬਾ ਜੀ, ਜਸਬੀਰ ਸਾਡਾ ਹੀ ਪੁੱਤਰ ਹੈ... ਉਹ ਕਿੱਥੇ ਹੈ? ਸਵੇਰੇ ਦਾ ਘਰੋਂ ਨਿਕਲਿਆ ਅਜੇ ਤੱਕ ਨਹੀਂ ਆਇਆ, ਕਿਥੇ ਹੈ ਮੇਰਾ ਲਾਲ, ਮੇਰਾ ਪੁੱਤ ਜੱਸੀ- ਮੈਨੂੰ ਛੇਤੀ ਦੱਸੋ, (ਉਹ ਰੋਣ ਲੱਗਦੀ ਹੈ)

**ਗਿਆਨੀ ਜੀ** : ਵਾਹਿਗੁਰੂ, ਵਾਹਿਗੁਰੂ ਆਖ ਬੀਬੀ, ਹੌਂਸਲਾ ਰੱਖ ਜਸਬੀਰ ਕਿਧਰੇ ਨਹੀਂ ਗਿਆ, ਇਥੇ ਹੀ ਹੈ।

**ਜਸਵੰਤ** : ਇੱਥੇ ਹੀ ਹੈ? ਤਾਂ ਫੇਰ ਮੇਰੇ ਕੋਲ ਕਿਉਂ ਨਹੀਂ ਆਉਂਦਾ? ਸੱਚ ਦੱਸੋ ਬਾਬਾ ਜੀ ਮੇਰਾ ਜੱਸੀ ਕਿੱਥੇ ਹੈ? ਮੈਨੂੰ ਮੇਰੇ ਜੱਸੀ ਕੋਲ ਲੈ ਚੱਲੋ।

**ਗਿਆਨੀ ਜੀ** : ਇੱਥੇ ਹੀ ਆ ਜਾਂਦਾ ਹੈ ਜੱਸੀ, ਤੁਸੀਂ ਕਾਹਲੇ ਨਾ ਪਵੋ, ਸਬਰ ਕਰੋ।

**ਜਸਵੰਤ** : ਕਿਵੇਂ ਸਬਰ ਕਰਾਂ, ਬਾਬਾ ਜੀ ਸਵੇਰੇ ਦਾ

ਘਰੋਂ ਨਿਕਲਿਐ, ਉਸ ਨੇ ਤਾਂ ਕੁਝ ਖਾਧਾ ਵੀ ਨਹੀਂ ਹੋਣਾ?

**ਗਿਆਨੀ ਜੀ** : ਓ ਬੀਬੀ! ਹੌਂਸਲਾ ਰੱਖ, ਤੈਨੂੰ ਆਖਿਆ ਜੋ ਹੈ ਜਸਬੀਰ ਕਿੱਧਰੇ ਨਹੀਂ ਗਿਆ- ਮੈਨੂੰ ਪਹਿਲਾਂ ਇਹ ਦੱਸੋ ਕਿ ਜਸਬੀਰ ਘਰ ਛੋੜ ਕੇ ਗਿਆ ਕਿਉਂ? ਤੁਸੀਂ ਉਸਨੂੰ ਕੀ ਕਹਿ ਦਿੱਤਾ ਜੋ ਉਹ ਘਰ ਛੱਡਣ ਉੱਤੇ ਮਜ਼ਬੂਰ ਹੋ ਗਿਆ?

**ਜਸਵੰਤ** : (ਆਪਣੇ ਪਤੀ ਵੱਲ ਇਸ਼ਾਰਾ ਕਰਦਿਆਂ) ਉਹ ਇਹਨਾਂ ਤੋਂ ਪੁੱਛੋ (ਮੋਹਰ ਸਿੰਘ ਕੁਝ ਨਹੀਂ ਬੋਲਦਾ- ਗਿਆਨੀ ਉਸ ਵੱਲ ਮੁਖਾਤਿਬ ਹੁੰਦਾ ਹੈ)

**ਗਿਆਨੀ ਜੀ** : ਸ਼ਕਲ ਸੂਰਤ ਤੋਂ ਤਾਂ ਤੁਸੀਂ ਪੂਰੇ ਗੁਰਸਿੱਖ ਹੋ, ਪਰ ਬਾਬੇ ਨਾਨਕ ਦੀ ਸਿੱਖਿਆ ਨੂੰ ਤੁਸੀਂ ਅਜੇ ਤੱਕ ਨਹੀਂ ਅਪਨਾਇਆ।

**ਮੋਹਰ ਸਿੰਘ** : ਗਿਆਨੀ ਜੀ, ਮੈਂ ਤੁਹਾਡਾ ਮਤਲਬ ਨਹੀਂ ਸਮਝਿਆ, ਤੁਸੀਂ ਕਹਿਣਾ ਕੀ ਚਾਹੁੰਦੇ ਹੋ?

**ਗਿਆਨੀ ਜੀ** : ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਸਿੱਖ ਹੋ ਕੇ ਗੁਰੂ ਸਾਹਿਬਾਂ ਦੀ ਸਿੱਖਿਆ ਨੂੰ ਛਿਕੇ ਟੰਗਿਆ ਏ-ਕੀ ਗੁਰੂ ਸਾਹਿਬ ਦੀ ਸਿੱਖਿਆ ਉੱਤੇ ਅਮਲ ਕਰਨਾ ਜੁਰਮ ਹੈ?

**ਮੋਹਰ ਸਿੰਘ** : ਬਿਲਕੁਲ ਨਹੀਂ!

**ਗਿਆਨੀ ਜੀ** : ਫੇਰ ਤੁਸੀਂ ਜਸਬੀਰ ਨੂੰ ਗੁਰੂ ਦੀ ਸਿੱਖਿਆ ਉੱਤੇ ਚੱਲਣ ਤੋਂ ਕਿਉਂ ਵਰਜਦੇ ਹੋ?

**ਮੋਹਰ ਸਿੰਘ** : ਮੈਂ ਉਸ ਨੂੰ ਕਦੋਂ ਵਰਜਦਾ ਹਾਂ? ਮੈਂ ਤਾਂ ਸਗੋਂ ਖੁਸ਼ ਹੋਵਾਂ ਜੇ ਉਹ ਗੁਰੂ ਜੀ ਦੀ ਸਿੱਖਿਆ ਮਤਾਬਿਕ ਚੱਲੇ-ਉਹ ਤਾਂ ਕਦੇ ਗੁਰਦੁਆਰੇ ਨਹੀਂ ਗਿਆ, ਬੱਸ ਸਾਰਾ ਦਿਨ ਕਮਰੇ ਵਿਚ ਬੈਠਾ ਮਿਰਾਸੀਆਂ ਵਾਲੇ ਕੰਮ ਕਰਦਾ ਰਹਿੰਦਾ ਏ।

**ਗਿਆਨੀ ਜੀ** : ਕਮਰੇ ਵਿਚ ਬੈਠਿਆਂ ਮਿਰਾਸੀਆਂ ਵਾਲੇ ਕਿਹੜੇ ਕੰਮ ਹੁੰਦੇ ਨੇ...?

**ਮੋਹਰ ਸਿੰਘ** : ਓ ਜੀ, ਸਾਰਾ ਦਿਨ ਵਾਜਾ-ਤਬਲਾ ਲੈ ਕੇ ਸੰਗੀਤ ਦੇ ਮਗਰ ਈ ਪਿਆ ਰਹਿੰਦੈ, ਇਹ ਮਿਰਾਸੀਆਂ ਵਾਲੇ ਕੰਮ ਨਹੀਂ ਤਾਂ ਹੋਰ ਕੀ ਨੇ।

**ਗਿਆਨੀ ਜੀ** : ਵਾਹਿਗੁਰੂ ਕਹੋ ਸਰਦਾਰ ਮੋਹਰ ਸਿੰਘ ਜੀ, ਵਾਹਿਗੁਰੂ-ਤੁਸੀਂ ਸੰਗੀਤ ਨੂੰ ਮਿਰਾਸੀਆਂ ਵਾਲਾ ਕੰਮ ਦੱਸ ਰਹੇ ਹੋ, ਫੇਰ ਤਾਂ ਬਾਬਾ ਨਾਨਕ ਸਭ ਤੋਂ ਵੱਡੇ ਮਿਰਾਸੀ ਸਨ, ਕਿਉਂਕਿ ਉਨ੍ਹਾਂ ਦੀ ਸਾਰੀ ਬਾਣੀ ਰਾਗਾਂ ਅਨੁਸਾਰ ਸੰਗੀਤ ਬੱਧ ਹੈ- ਸਰਦਾਰ ਸਾਹਿਬ, ਤੁਹਾਨੂੰ ਪਤਾ ਹੈ ਕਿ ਜਿਸ ਗੁਰੂ ਗ੍ਰੰਥ ਸਾਹਿਬ ਅੱਗੇ ਤੁਸੀਂ ਰੋਜ਼ ਮੱਥਾ ਟੇਕਦੇ ਹੋ, ਪੂਜਾ ਕਰਦੇ ਹੋ ਉਹ ਸਾਰਾ ਸੰਗੀਤ ਅਨੁਸਾਰ ਹੈ? ਸੰਗੀਤ ਨੂੰ ਹੀ ਗੁਰੂ ਸਾਹਿਬਾਨ ਨੇ ਪਹਿਲ ਦਿੱਤੀ ਹੈ-ਗੁਰੂ ਸਾਹਿਬ ਦਾ ਫੁਰਮਾਨ ਹੈ-

***"ਰਾਗ ਨਾਦ ਸਭ ਸਚੁ ਹੈ, ਕੀਮਤ ਕਹੀ ਨਾ ਜਾਇ॥***
***ਰਾਗੈ ਨਾਦੈ ਬਾਹੁਰਾ, ਇਨਹੀ ਹੁਕਮ ਨਾ ਬੁਝਿਆ ਜਾਇ॥***

ਅਰਥਾਤ ਰਾਗ ਅਤੇ ਨਾਦ ਹੀ ਸਭ ਤੋਂ ਵੱਡਾ ਸੱਚ ਹੈ ਇਸ ਦਾ ਮੁੱਲ ਨਹੀਂ ਪਾਇਆ ਜਾ ਸਕਦਾ ਜੋ ਵਿਅਕਤੀ ਰਾਗ ਅਤੇ ਨਾਦ ਅਰਥਾਤ ਸੰਗੀਤ ਤੋਂ ਵਿਰਵਾ ਹੋ ਕੇ ਇਸ ਦੀ ਖੂਬਸੂਰਤੀ ਨੂੰ ਨਹੀਂ ਸਮਝ ਸਕਦਾ ਉਹ ਪ੍ਰਭੂ ਦੇ ਹੁਕਮ ਨੂੰ ਵੀ ਨਹੀਂ ਪਛਾਣ ਸਕਦਾ। ਤੁਸੀਂ ਤਾਂ ਰੋਜ਼ ਜਪੁਜੀ ਸਾਹਿਬ ਪੜ੍ਹਦੇ ਹੋਵੋਗੇ, ਜਿਸ ਵਿਚ ਲਿਖਿਆ ਹੈ ਕਿ- 'ਹੁਕਮੈ ਅੰਦਰ ਸਭ ਕੋ ਬਾਹਰ ਹੁਕਮਿ ਨ ਕੋਇ- ਨਾਨਕ ਹੁਕਮੈ ਜੇ ਬੁਝੈ ਤਾਂ ਹਉਮੈ ਕਹੇ ਨਾ ਕੋਇ। ਇਸ ਸੰਸਾਰ ਵਿਚ ਵਿਚਰਦੇ ਹੋਏ ਲੋਕੀਂ ਆਪਣੀ ਹਉਮੈ ਕਰਕੇ ਹੀ ਪ੍ਰਭੂ ਪਰਮਾਤਮਾ ਨਾਲੋਂ ਵਿਛੜਦੇ ਹਨ, ਕਿਉਂ ਜੋ ਉਹ ਪ੍ਰਭੂ ਦੇ ਹੁਕਮ ਨੂੰ ਨਹੀਂ ਪਛਾਣਦੇ-ਪ੍ਰਭੂ ਦੇ ਹੁਕਮ ਨੂੰ ਪਛਾਣਨ ਦਾ ਸਭ ਤੋਂ ਵੱਡਾ ਜ਼ਰੀਆ ਸੰਗੀਤ ਹੈ, ਜਿਸ ਨੂੰ ਤੁਸੀਂ ਮਿਰਾਸੀਆਂ ਵਾਲਾ ਕੰਮ ਕਹਿੰਦੇ ਹੋ। ਇਸੇ ਸੰਗੀਤ ਰਾਹੀਂ ਹੀ ਪ੍ਰਭੂ ਦਾ ਨਾਮ ਸਿਮਰਨ ਹੁੰਦਾ ਹੈ ਅਤੇ ਨਾਮ ਸਿਮਰਨ ਹੋਣ ਨਾਲ ਹੀ ਮਨੁੱਖ ਦੇ ਅੰਦਰੋਂ ਹਉਮੈ ਮਿਟਦੀ ਹੈ ਅਤੇ ਪ੍ਰਭੂ ਦੇ ਹੁਕਮਿ ਦੀ ਪਛਾਣ ਹੁੰਦੀ ਹੈ। ਤੁਸੀਂ ਆਪਣੇ ਪੁੱਤਰ ਨੂੰ ਪ੍ਰਭੂ ਦੇ ਹੁਕਮ ਦੀ ਪਛਾਣ ਤੋਂ ਵਰਜਿਆ ਹੈ-ਜੋ ਘੋਰ ਅਪਰਾਧ ਹੈ। ਤੁਹਾਨੂੰ ਤਾਂ ਇਸ ਗੱਲ ਦੀ ਖੁਸ਼ੀ ਹੋਣੀ ਚਾਹੀਦੀ ਹੈ ਕਿ ਤੁਹਾਡਾ ਪੁੱਤਰ ਇਕ ਸੱਚੇ ਸੁੱਚੇ ਕਾਰਜ ਵੱਲ ਜੁਟਿਆ ਹੋਇਐ। ਸੰਗੀਤ ਵਰਗੀ ਉੱਤਮ ਕਲਾ ਦੀ ਸਾਧਨਾ ਕਰ ਰਿਹਾ ਹੈ ਜੋ ਮਨ, ਬੁੱਧੀ ਅਤੇ ਆਤਮਾ ਨੂੰ ਸ਼ੁੱਧ ਕਰਦੀ ਹੈ। ਤੁਸੀਂ ਉਸ ਨੂੰ ਅਜਿਹੇ ਪਵਿੱਤਰ ਕਾਰਜ ਤੋਂ ਵਰਜਦੇ ਹੋ-ਤੁਸੀਂ ਕੀ ਚਾਹੁੰਦੇ ਹੋ ਕਿ ਉਹ ਵੀ ਤੁਹਾਡੇ ਵਾਂਗ ਹੀ ਮਾਇਆਧਾਰੀ ਹੋ ਜਾਵੇ? ਮੈਂ ਇਹ ਨਹੀਂ ਕਹਿੰਦਾ ਕਿ ਪੈਸਾ ਨਹੀਂ ਕਮਾਉਣਾ ਚਾਹੀਦਾ, ਜੀਵਨ ਦੀਆਂ ਲੋੜਾਂ ਪੂਰੀਆਂ ਕਰਨ ਲਈ ਪੈਸਾ ਵੀ ਜ਼ਰੂਰੀ ਹੈ ਪਰ...ਕੀ ਇਸ ਦੁਨੀਆਂ ਵਿਚ ਕੇਵਲ ਪੈਸਾ ਕਮਾਉਣਾ ਹੀ ਸਭ ਕੁਝ ਹੈ? ਕੀ ਤੁਸੀਂ ਦੁਨੀਆਂ ਵਿਚ ਸਿਰਫ ਪੈਸਾ ਇਕੱਠਾ ਕਰਨ ਹੀ ਆਏ ਹੋ? ਅੱਜ ਪੈਸੇ ਦੀ ਖਾਤਰ ਤੁਸੀਂ ਆਪਣੇ ਲਾਲਾਂ ਜਿਹੇ ਪੁੱਤਰ ਨੂੰ ਘਰੋਂ ਨਿਕਲਣ ਉੱਤੇ ਮਜ਼ਬੂਰ ਕਰ ਦਿੱਤਾ- (ਮੋਹਰ ਸਿੰਘ ਚੁੱਪ-ਚਾਪ ਗਿਆਨੀ ਦੀਆਂ ਗੱਲਾਂ ਸੁਣ ਰਿਹਾ ਹੈ) ਸਰਦਾਰ ਮੋਹਰ ਸਿੰਘ ਜੀ, ਸੰਗੀਤ ਤਾਂ ਕੁਦਰਤ ਦੀ ਇਕ ਅਜਿਹੀ

ਦਾਤ ਹੈ ਜੋ ਕਿਸੇ ਵਿਰਲੇ ਨੂੰ ਹੀ ਪ੍ਰਾਪਤ ਹੁੰਦੀ ਹੈ। ਤੁਸੀਂ ਸ਼ੁਕਰ ਕਰੋ ਕਿ ਤੁਹਾਡੇ ਪੁੱਤਰ ਨੂੰ ਪ੍ਰਭੂ ਨੇ ਇਸ ਦਾਤ ਨਾਲ ਨਿਵਾਜ਼ਿਆ ਹੈ, ਜੇ ਉਹ ਸੰਗੀਤ ਦੀ ਸਾਧਨਾ ਵੱਲੋਂ ਹਟ ਕੇ ਸ਼ਰਾਬ ਪੀਣ ਲੱਗ ਜਾਵੇ, ਜਾਂ ਜੂਆ ਖੇਡਣ ਲੱਗ ਪਏ ਤਾਂ ਫੇਰ ਤੁਸੀਂ ਕੀ ਕਰੋਗੇ?

**ਮੋਹਰ ਸਿੰਘ** : (ਗਿਆਨੀ ਜੀ ਤੋਂ ਪ੍ਰਭਾਵਿਤ ਹੁੰਦਿਆਂ) ਬੱਸ, ਬੱਸ ਗਿਆਨੀ ਜੀ ਮੈਨੂੰ ਹੋਰ ਸ਼ਰਮਿੰਦਾ ਨਾ ਕਰੋ ਤੁਹਾਡੀਆਂ ਗੱਲਾਂ ਨੇ ਮੇਰੀਆਂ ਅੱਖਾਂ ਖੋਲ੍ਹ ਦਿੱਤੀਆਂ ਨੇ, ਤੁਸੀਂ ਮੇਰੇ ਜਸਬੀਰ ਨੂੰ ਮਿਲਾ ਦਿਓ।

**ਗਿਆਨੀ ਜੀ** : ਜਸਬੀਰ ਤਾਂ ਤੁਹਾਡਾ ਆਪਣਾ ਹੀ ਪੁੱਤਰ ਏ ਅਤੇ ਤੁਹਾਡੇ ਤੋਂ ਵਿਛੜ ਕੇ ਉਹ ਵੀ ਕੋਈ ਖੁਸ਼ ਨਹੀਂ, ਪਰ ਜੋ ਤੁਸੀਂ ਉਸ ਦੀ ਭਾਵਨਾ ਨੂੰ ਠੇਸ ਪਹੁੰਚਾਈ ਹੈ, ਉਹ ਬਹੁਤ ਵੱਡੀ ਗਲਤੀ ਕੀਤੀ ਜੇ!

**ਜਸਵੰਤ** : ਬਾਬਾ ਜੀ, ਸਾਡਾ ਜੱਸੀ ਸਾਨੂੰ ਮਿਲਾ ਦਿਓ- ਅਸੀਂ ਉਸ ਨੂੰ ਸੰਗੀਤ ਤੋਂ ਕਦੇ ਨਹੀਂ ਵਰਜਦੇ-ਮੇਰਾ ਲਾਲ ਕਿੱਥੇ ਵੇ-ਮਾਂ ਦੀਆਂ ਆਂਦਰਾਂ ਨੂੰ ਹੋਰ ਨਾ ਤਪਾਓ?

**ਗਿਆਨੀ ਜੀ** : ਵਾਹਿਗੁਰੂ ਕਹੋ ਵਾਹਿਗੁਰੂ ਬੀਬੀ ਹੌਂਸਲਾ ਰੱਖੋ, ਜਸਬੀਰ ਕਿੱਧਰੇ ਨਹੀਂ ਗਿਆ, ਇੱਥੇ ਹੀ ਏ (ਜਸਬੀਰ ਨੂੰ ਗਿਆਨੀ ਆਵਾਜ਼ ਦਿੰਦਾ ਹੈ-ਇਕ ਦਮ ਉਹ ਦਰਵਾਜ਼ੇ ਰਾਹੀਂ ਅੰਦਰ ਆਉਂਦਾ ਹੈ, ਉਸ ਨੂੰ ਵੇਖਦਿਆਂ ਹੀ ਜਸਵੰਤ ਧਾਹ ਕੇ ਉਸ ਨਾਲ ਲਿਪਟਦੀ ਹੈ ਅਤੇ ਉਸ ਦਾ ਮੂੰਹ ਮੱਥੇ ਚੁੰਮਦੀ ਹੈ, ਉਸ ਉੱਤੇ ਨਿਛਾਵਰ ਹੁੰਦੀ ਹੈ- ਮਾਂ-ਪੁੱਤਰ ਦਾ ਇਹ ਮਿਲਾਪ ਏਨਾ ਭਾਵੁਕ ਹੈ ਕਿ ਗਿਆਨੀ ਦੀਆਂ ਅੱਖਾਂ ਵਿਚੋਂ ਵੀ ਹੰਝੂ ਵਹਿ ਤੁਰਦੇ ਨੇ, ਬੱਚੇ ਦੇ ਵਿਛੋੜੇ ਵਿਚ ਮਾਂ ਇਸ ਤਰ੍ਹਾਂ ਬਿਹਬਲ ਹੋ ਸਕਦੀ ਹੈ-ਮੋਹਰ ਸਿੰਘ ਨੂੰ ਵੀ ਇਸ ਗੱਲ ਦਾ ਅਹਿਸਾਸ ਹੁੰਦਾ ਹੈ ਅਤੇ ਉਹ ਵੀ ਜਸਬੀਰ ਨੂੰ ਆਪਣੇ ਕਲਾਵੇ ਵਿਚ ਲੈ ਲੈਂਦਾ ਹੈ।)

# ਸੁਰ ਲਿਪੀਆਂ

**ਭਾਈ ਜਸਪਾਲ ਸਿੰਘ ਜਵੱਦੀ : ਬਾਬਾ ਸੁੱਚਾ ਸਿੰਘ ਗੁਰਮਤਿ ਸੰਗੀਤ ਅਕੈਡਮੀ, ਤਰਨ-ਤਾਰਨ**

***ਰਾਗੁ ਜੈਤਸਰੀ***

**ਥਾਟ:** ਪੂਰਵੀ **ਜਾਤੀ:** ਔੜਵ-ਸੰਪੂਰਨ **ਵਾਦੀ:** ਗੰਧਾਰ,

**ਸੰਵਾਦੀ:** ਨਿਸ਼ਾਦ **ਸਮਾਂ:** ਦਿਨ ਦਾ ਚੌਥਾ ਪਹਿਰ

**ਸੁਰ:** ਰੁੇ, ਧੁ, ਕੋਮਲ, ਮੇ ਤੀਵਰ ਬਾਕੀ ਸ਼ੁੱਧ **ਆਰੋਹ ਵਿਚ:** ਰੁੇ, ਧੁ ਵਰਜਿਤ

**ਆਰੋਹ:** ਸ ਗ, ਮੇ ਪ, ਨੀ ਸਂ। **ਅਵਰੋਹ:** ਸਂ ਨੀ ਧੁ ਪ, ਮੇ ਗ ਰੁੇ ਸ।

**ਮੁਖ ਅੰਗ:** ਸ, ਗ, ਪ, ਮੇ ਧੁ ਪ, ਮੇ ਗ, ਮੇ ਗ, ਰੇ ਸ **ਮੱਤ ਤਾਲ**

| 1 | 2 | 3 | 4 | 5 | 6 | 7 | 8 | 9 |
|---|---|---|---|---|---|---|---|---|
| x | | 2 | | | 3 | | | |
| **ਸਥਾਈ** | | | | | | | | |
| ਸ | ਸ | ਨੀ | ਨੀ | ਧੁ | ਧੁ | ਪ | ਪ | ਪ |
| *ਹ* | *ਰਿ* | *ਜੁ* | ऽ | *ਰਾ* | ऽ | *ਖ* | ऽ | *ਲੇ* |
| ਮੇ | ਧੁ | ਪ | ਪ | ਪ | ਮੇਗ | ਮੇਗ | ਗ | ਰੁੇਸ |
| *ਹੁ* | ऽ | *ਪ* | ऽ | *ਤਿ* | *ਮੇ*ऽ | ऽऽ | ऽ | *ਰੀ*ऽ |
| ਸ | ਸ | ਗ | ਮੇ | ਪ | ਨੀ | ਧੁ | ਪ | ਪ |
| *ਜ* | *ਮ* | *ਕੋ* | ऽ | *ਤ੍ਰਾ* | ऽ | *ਸ* | ऽ | *ਭਇ* |
| ਨੀ | ਨੀ | ਸਂ | ਰੁੇਂ | ਸਂ | ਨੀ | ਸਂ | ਸਂ | ਸਂ |
| *ਉ* | ऽ | *ਉ* | *ਰ* | *ਅੰ* | ऽ | *ਤ* | ऽ | *ਰ* |
| ਪ | ਮੇ | ਧੁ | ਪ | ਮੇ | ਗ | ਮੇ | ਪ | ਨੀ |
| *ਸ* | *ਰ* | *ਣਿ* | ऽ | *ਗ* | *ਹੀ* | ऽ | *ਕ੍ਰਿ* | *ਪਾ* |
| ਧੁ | ਪ | ਮੇਪ | ਨੀਸਂ | ਗਂਰੁੇਂ | ਸਂਨੀ | ਧੁਪ | ਮੇਗ | ਰੁੇਸ |
| *ਨਿ* | *ਧ* | *ਤੋ*ऽ | ऽऽ | ऽऽ | *ਰੀ*ऽ | ऽऽ | ऽऽ | ऽऽ |
| **ਅੰਤਰਾ** | | | | | | | | |
| ਪਮੇ | ਧੁਪ | ਮੇਗ | ਗ | ਮੇ | ਪ | ਪ | ਨੀ | ਨੀ |
| *ਮ*ऽ | ऽऽ | *ਹਾ*ऽ | ऽ | *ਪ* | *ਤਿ* | ऽ | *ਤ* | *ਮੁ* |
| ਸਂ | ਸਂ | ਸਂ | ਸਂ | ਪ | ਨੀ | ਸਂ | ਰੁੇਂ | ਸਂ |
| *ਗ* | *ਧ* | *ਲੋ* | ऽ | *ਭੀ* | ऽ | *ਫੁ* | ऽ | *ਨਿ* |
| ਸਂਰੁੇਂ | ਗਂ | ਗਂ | ਰੁੇਂ | ਸਂ | ਸਂ | ਪ | ਨੀ | ਸਂ |
| *ਕਰ* | *ਤ* | *ਪਾ* | ऽ | *ਪ* | *ਅਬ* | *ਹਾ* | ऽ | *ਰਾ* |
| ਪਮੇ | ਧੁ | ਪ | ਪ | ਮੇਪ | ਨੀਸਂ | ਧੁਪ | ਮੇਗ | ਰੁੇਸ |
| *ਕਰ* | *ਤਪ* | ऽ | *ਪ* | *ਅ*ऽ | *ਬ*ऽ | *ਹਾ*ऽ | ऽऽ | *ਰਾ*ऽ |

# ਸੁਰ-ਲਿਪੀ ਵਾਲੇ ਸ਼ਬਦਾਂ ਦੇ ਅਰਥ

ਮਨਮੋਹਨ ਸਿੰਘ

| ਜੈਤਸਰੀ ਮਹਲਾ ੯ ॥ | **Jaitsri 9th Guru.** | ਜੈਤਸਰੀ ਨੌਂਵੀਂ ਪਾਤਿਸ਼ਾਹੀ। |
|---|---|---|
| ਹਰਿ ਜੂ ਰਾਖਿ ਲੇਹੁ ਪਤਿ ਮੇਰੀ ॥ | O adorable God, preserve Thou my honour. | ਹੇ ਪੂਜਨੀਯ ਵਾਹਿਗੁਰੂ! ਤੂੰ ਮੇਰੀ ਲਜਿਆ ਰਖ। |
| ਜਮ ਕੋ ਤ੍ਰਾਸ ਭਇਓ ਉਰ ਅੰਤਰਿ ਸਰਨ ਗਹੀ ਕਿਰਪਾ ਨਿਧਿ ਤੇਰੀ ॥੧॥ | The fear of death has entered my mind and I have clung to Thine asylum, O ocean of mercy. | ਮੇਰੇ ਹਿਰਦੇ ਨੂੰ ਮੌਤ ਦਾ ਡਰ ਪੈ ਗਿਆ ਹੈ ਅਤੇ ਮੈਂ ਤੈਂਡੀ ਪਨਾਹ ਪਕੜੀ ਹੈ, ਹੇ ਰਹਿਮਤ ਦੇ ਸਮੁੰਦਰ। |
| ਰਹਾਉ ॥ | Pause. | ਠਹਿਰਾਉ। |
| ਮਹਾ ਪਤਿਤ ਮੁਗਧ ਲੋਭੀ ਫੁਨਿ ਕਰਤ ਪਾਪ ਅਬ ਹਾਰਾ ॥ | I am a great sinner, stupid and greedy and I have now grown weary of committing sins. | ਮੈਂ ਪਰਮ ਗੁਨਹਗਾਰ, ਮੂਰਖ ਅਤੇ ਲਾਲਚੀ ਹਾਂ ਅਤੇ ਹੁਣ ਮੈਂ ਗੁਨਾਹ ਕਰਦਾ ਕਰਦਾ ਹੰਭ ਗਿਆ ਹਾਂ। |
| ਭੈ ਮਰਬੇ ਕੋ ਬਿਸਰਤ ਨਾਹਨਿ ਤਿਹ ਚਿੰਤਾ ਤਨੁ ਜਾਰਾ ॥੧॥ | The fear of death, I forget not. That anxiety has wasted away my body. | ਮੌਤ ਦਾ ਡਰ ਮੈਨੂੰ ਭੁਲਦਾ ਨਹੀਂ। ਉਸ ਫ਼ਿਕਰ ਨੇ ਮੇਰਾ ਸਰੀਰ ਸਾੜ ਸੁਟਿਆ ਹੈ। |
| ਕੀਏ ਉਪਾਵ ਮੁਕਤਿ ਕੇ ਕਾਰਨਿ ਦਹ ਦਿਸਿ ਕਉ ਉਠਿ ਧਾਇਆ ॥ | I have been running about in ten directions, making efforts for my emancipation. | ਮੈਂ ਆਪਣੀ ਕਲਿਆਣ ਵਾਸਤੇ ਉਪਰਾਲੇ ਕਰਦਾ ਹੋਇਆ, ਦਸੀਂ ਪਾਸੀਂ ਭੱਜਿਆ ਫਿਰਿਆ ਰਿਹਾ ਹਾਂ। |
| ਘਟ ਹੀ ਭੀਤਰਿ ਬਸੈ ਨਿਰੰਜਨੁ ਤਾਕੋ ਮਰਮੁ ਨ ਪਾਇਆ ॥੨॥ | The Pure Lord abides within my mind, but I know not His secret. | ਪਵਿਤਰ ਪ੍ਰਭੂ ਮੇਰੇ ਹਿਰਦੇ ਅੰਦਰ ਨਿਵਾਸ ਰਖਦਾ ਹੈ, ਪ੍ਰੰਤੂ ਮੈਂ ਉਸ ਦੇ ਭੇਤ ਨੂੰ ਨਹੀਂ ਜਾਣਦਾ। |
| ਨਾਹਿਨ ਗੁਨੁ ਨਾਹਿਨ ਕਛੁ ਜਪੁ ਤਪੁ ਕਉਨੁ ਕਰਮੁ ਅਬ ਕੀਜੈ ॥ | I have no merit, nor any contemplation and penance. What deed should I, now, do to please Thee, O my Lord? | ਮੇਰੇ ਪਲੇ ਨੇਕੀ ਨਹੀਂ, ਨਾ ਹੀ ਕੋਈ ਸਿਮਰਨ ਤੇ ਤਪੱਸਿਆ ਹੈ। ਤੈਨੂੰ ਖ਼ੁਸ਼ ਕਰਨ ਲਈ, ਹੁਣ ਮੈਂ ਕਿਹੜਾ ਕੰਮ ਕਰਾਂ, ਹੇ ਮੇਰੇ ਸੁਆਮੀ? |
| ਨਾਨਕ ਹਾਰਿ ਪਰਿਓ ਸਰਨਾਗਤਿ ਅਭੈ ਦਾਨ ਪ੍ਰਭ ਦੀਜੈ ॥੩॥੨॥ | Nanak, I have grown weary and have sought Thy protection. O Lord, bless me with the gift of fearlessness. | ਨਾਨਕ, ਮੈਂ ਥਕ ਗਿਆ ਹਾਂ ਅਤੇ ਮੈਂ ਤੇਰੀ ਪਨਾਹ ਲਈ ਹੈ। ਹੇ ਸਾਹਿਬ! ਮੈਨੂੰ ਨਿਰਭੈਤਾ ਦੀ ਦਾਤ ਬਖਸ਼। |